ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਸ਼ਹੀਦ ਨਿਰਮਲ ਸਿੰਘ ਜੀ, ਪਾਲਮ ਕਾਲੋਨੀ, ਦਿਲੀ

AUG
1985

ਅਗਸਤ
੧੯੮੫



ਨਾਮ ਅਭਿਆਸੀ ਸਿੰਘ, ਜੋ ਧੋਖੇ ਵਿਚ ਫਸਾ ਕੇ 1-11-84 ਨੂੰ ਸ਼ਹੀਦ ਕੀਤਾ ਗਿਆ ।
ਵੇਰਵੇ ਸਹਿਤ ਵਿਥਿਆ ਕਿਸੇ ਅਗਲੇ ਪਰਚੇ ਵਿਚ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੪ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਮੂਰਖ ਕੌਣ ਹੈ ? | ੩ | 'ਗੁਰਮਤਿ ਗੌਰਵਤਾ' ਵਿਚੋਂ |
| ਰਾਜਸੀ ਠਾਠ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਾਨਕ ਨਾਮ ਚੜ੍ਹਦੀ ਕਲਾ | ੭ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਖਾਲਸਈ ਬੋਲੇ (ਚੜ੍ਹਦੀ ਕਲਾ ਦੇ ਪ੍ਰਤੀਕ) | ੧੧ | ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ |
| ਭੁਲੜ ਗੁਰਸਿਖ ਵੀਰ ਨੂੰ ਪੁਕਾਰ (ਕਵਿਤਾ) | ੧੬ | ਸ: ਸੰਤਾ ਸਿੰਘ ਜੀ ਆਜਿਜ਼ |
| ਜਿਤੁ ਪੀਤੈ ਮਤਿ ਦੂਰਿ ਹੋਇ | ੧੭ | ਸ: ਪਰਵਿੰਦਰ ਸਿੰਘ ਜੀ ਖਾਲਸਾ |
| ਗੁਰਬਾਣੀ-ਪਾਠਾਂ (ਆਸਾ ਦੀ ਵਾਰ) ਵਿਚ ਪ੍ਰਚਲਤ ਭੁਲਾਂ | ੧੯ | 'ਸੂਰਾ' ਪਰਵਾਰ |
| ਅਸਰਦਾਇਕ ਧਾਰਮਿਕ ਪ੍ਰਚਾਰ | ੨੩ | 'ਖਾਲਸਾ ਸਮਾਚਾਰ' |
| ਮੱਸੇ ਰੰਘੜ ਨੂੰ ਕਰਨੀ ਦਾ ਫਲ (੨) | ੨੯ | ਕੈਪਟਿਨ ਸਵਰਨ ਸਿੰਘ ਜੀ |
| ਸੰਕਟ-ਮਈ ਸਮਾਂ (ਕਵਿਤਾ) | ੩੮ | ਸ: ਸਤਨਾਮ ਸਿੰਘ ਜੀ ਵਿਰਕ |
| ਪੰਥ ਵਾਲੇ ਦੇ ਚਰਨਾਂ ਵਿਚ ਜੋਦੜੀ (ਕਵਿਤਾ) | ੩੯ | ਗਿ: ਗੋਪਾਲ ਸਿੰਘ ਜੀ ਮਿਤਰ |
| ਗੁਰੂ ਕਾ ਵਾਸਤਾ ਜੇ !! | ੩੯ | ਸ: ਹਰਭਜਨ ਸਿੰਘ ਜੀ |
| ਸ਼ਹੀਦ ਭਾਈ ਦਰਸ਼ਨ ਸਿੰਘ ਜੀ ਦਿੱਲੀ | ੪੦ | ਭਾਈ ਪ੍ਰੀਤ ਸਿੰਘ ਜੀ |
| ਪਾਖੰਡ ਇਸ਼ਨਾਨ ਦਾ ਖੰਡਨ | ੪੧ | ਭਾ: ਸਾ: ਭਾਈ ਰਣਧੀਰ ਸਿੰਘ ਜੀ |


## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਭਾ: ਪ੍ਰਤਾਪ ਸਿੰਘ ਨਵੀਂ ਦਿੱਲੀ | ਮਾਤਾ ਜੀ ਦੀ ਯਾਦ ਵਿਚ | ੧੦੧-੦੦ |
| ਕੈਪਟਿਨ ਸ਼ੇਰ ਸਿੰਘ ਚੰਡੀਗੜ੍ਹ | ਸੁਪੱਤਨੀ ਬੀਬੀ ਅਨੰਤ ਕੌਰ ਦੀ ਯਾਦ ਵਿਚ | ੫੧-੦੦ |
| ਬੀਬੀ ਸਤਵੰਤ ਕੌਰ ਸਹਿਗਲ ਹੈਮਸਟੈਡ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੬੦-੦੦ |
| ਭਾ: ਇੰਦਰਜੀਤ ਸਿੰਘ ਸਪੁਤਰ ਮਿਸਤ੍ਰੀ ਗੋਪਾਲ ਸਿੰਘ | ਬੀਬੀ ਹਰਬੰਸ ਕੌਰ (ਮਾਤਾ) ਦੀ ਅੰਤਮ ਯਾਦ ਵਿਚ | ੧੫੦-੦੦ |
| ਏ. ਐਸ. ਸੋਹਲ ਗ੍ਰੀਨਫੋਰਡ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੯੮-੪੦ |
| ਸ: ਮੇਜਰ ਸਿੰਘ ਡਰਬੀ ਯੂ. ਕੇ. | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | ੮੨੮-੦੦ |
| ਸ: ਵਰਿਆਮ ਸਿੰਘ ਨਵੀਂ ਦਿੱਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੨੫੦-੦੦ |
| ਭਾ: ਸਤਨਾਮ ਸਿੰਘ ਸੁਰਜੀਤ ਸਿੰਘ ਨਵਾਂ ਕੋਟ, ਅੰਮ੍ਰਿਤਸਰ | ਪਿਤਾ ਭਾ: ਗੁਰਬਚਨ ਸਿੰਘ ਜੀ ਦੀ ਯਾਦ ਵਿਚ | ੧੦੧-੦੦ |
| ਗੁਪਤ | 'ਸੂਰਾ' ਦੀ ਚੜ੍ਹਦੀ ਕਲਾ ਲਈ | ੨੧-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੮.੮੫ ਨੂੰ ਪ੍ਰਕਾਸ਼ਤ ਕੀਤਾ
ਟੈਲੀਫੋਨ ਨੰਬਰ 51847 ਘਰ : 43C94

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ੴ ਵਾਹਿਗੁਰੂ ਜੀ ਕੀ ਫਤਹ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ ਮਲਾਇਆ | ੫੫-੦੦ |
| ਯੂ. ਕੇ., ਅਫਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੫੦ |
| ਕੈਨੇਡਾ, ਅਮਰੀਕਾ | ੯੦੦-੦੦ |
| ਅਰਬ ਮਲਾਇਆ | ੫੫੦-੦੦ |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਅਗਸਤ ੧੯੮੫ ਅੰਕ ੮


## ਮੂਰਖ ਕੌਣ ਹੈ ?

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥੬॥

[ਮਾਝ ਕੀ ਵਾਰ ਮ: ੧, ਪੰਨਾ ੧੪੦

ਇਹ ਗੁਰਵਾਕ-ਦੁਤੁਕੀ ਆਨਮਤ ਵਿਦਿਆ ਦੇ ਪੜ੍ਹਾਕੂਆਂ ਪ੍ਰਥਾਇ ਹੀ ਘਟਦੀ ਹੈ। ਆਨਮਤ ਵਿਦਿਆ ਦੇ ਪੜ੍ਹਾਕੂ ਜਿਉਂ ਜਿਉਂ ਇਸ ਆਨਮਤ ਵਿਦਿਆ ਨੂੰ ਪੜ੍ਹਦੇ ਹਨ, ਤਿਉਂ ਤਿਉਂ ਲਬ, ਲੋਭ ਅਹੰਕਾਰ ਤਿਨ੍ਹਾਂ ਦੇ ਜੀਵਨ ਵਿਚਿ ਹੋਰ ਜ਼ੋਰ ਪਕੜਦਾ ਜਾਂਦਾ ਹੈ। ਤਾਂ ਤੇ ਐਸੀ ਵਿਦਿਆ ਦਾ ਪੜ੍ਹਾਕੂ ਮੂਰਖ ਦਾ ਮੂਰਖ ਹੀ ਰਹਿੰਦਾ ਹੈ। ਵਿਦਵਾਨ ਤਾਂ ਉਸ ਨੇ ਕੀ ਹੋਣਾ ਸੀ. ਮੂਰਖ ਅਗਿਆਨੀ ਲੋਕ ਉਸ ਨੂੰ ਵਿਦਵਾਨ ਪਏ ਆਖਣ।

ਇਹ ਕੇਵਲ ਗੁਰਮਤਿ ਵਿਦਿਆ ਹੀ ਹੈ ਜੋ ਹਉਮੈ ਅਭਿਮਾਨ ਤੋਂ ਸੁਚੇਤ ਕਰਾਇ ਕੇ ਜਗਿਆਸੂਆਂ ਨੂੰ ਸੁਘੜ ਸੁਜਾਨ ਬਣਾਉਂਦੀ ਹੈ, ਕਿਉਂਕਿ ਗੁਰਮਤਿ ਵਿਦਿਆ ਦਾ ਧੁਰਵਾ ਗੁਰਮਤਿ-ਨਾਮ ਉਪਰ ਹੀ ਹੈ। ਏਸ ਗੁਰਮਤਿ ਵਿਦਿਆ ਤੋਂ ਬਿਨਾਂ, ਓਹ ਹਉਮੈ ਵਾਲੀ ਅਵਿਦਿਆ ਪੜ੍ਹਦੇ ਹੀ ਨਹੀਂ। ਗੁਰਮਤਿ ਨਾਮ ਵਾਲੀ ਸੱਚੀ ਗੁਰਮਤਿ-ਵਿਦਿਆ ਦੀ ਸੂਝ ਬੂਝ ਤੋਂ ਬਿਨਾਂ ਹੋਰ ਕੋਈ ਵੀ ਆਨਮਤ ਵਾਲੀ ਹਉਮੈ ਵੀਚਾਰ, ਓਹਨਾਂ ਦੇ ਅੰਦਰ ਆਉਂਦੀ ਹੀ ਨਹੀਂ, ਸੱਚੀ ਗੁਰਮਤਿ ਵੀਚਾਰ ਦੇ ਅਭਿਆਸਾਚਾਰੀ ਹੀ ਬਣੇ ਰਹਿੰਦੇ ਹਨ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਗੌਰਵਤਾ' ਵਿਚੋਂ



www.AKJ.Org

# ਰਾਜਸੀ ਠਾਠ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਦੂਜੇ ਸੁਧਾ ਸਵਈਏ ਅੰਦਰ ਗੁਰੂ ਸਾਹਿਬ ਨੇ ਆਪਣੇ ਅਨਿੰਨ ਗੁਰਸਿਖਾਂ ਤਾਈਂ ਇਸ ਬਿੱਦਤ ਤੋਂ ਹੋੜਿਆ ਹੈ ਕਿ ਉਹ ਬੜੀ ਬੜੀ ਰਾਜਸੀ ਐਸ਼੍ਵਰਜਤਾ ਦੇ ਅਡੰਬਰਾਂ ਵਾਲੇ ਰਾਜਿਆਂ ਮਹਾਰਾਜਿਆਂ ਭੂਪਾਂ ਭੂਪਿੰਦਰਾਂ, ਲੋਕ ਪ੍ਰਧਾਨਤਾ ਵਾਲੇ ਬੜੇ ਬੜੇ ਪਰਸਿਧ ਨੇਤਾਵਾਂ ਨੂੰ ਵੇਖ ਕੇ ਭਰਮ ਨਾ ਜਾਣ ਅਤੇ ਉਹਨਾਂ ਦੇ ਪਿਛੇ ਰੀਝ ਪੀਝ ਕੇ ਆਪਣੀ ਸਰਲ ਅਨਿੰਨਤਾ ਵਾਲੇ ਪਰਮਾਰਥੀ ਅਨਸਰ ਤੋਂ ਬੇਮੁਖ ਨਾ ਹੋ ਬੈਠਣ ਅਤੇ ਤੱਤ ਗੁਰਮਤਿ ਨੂੰ ਪਿੱਠ ਨਾ ਦੇ ਬੈਠਣ। ਉਚ ਉਚਾਣੀ ਮਾਇਕੀ ਲਾਲਚਾਂ ਦੇ ਕਾਰਨ ਲਲਚਾ ਕੇ ਗੁਰਮਤਿ ਗਰੀਬੀ ਤੋਂ ਮੁਨਹਰਫ ਨਾ ਹੋ ਜਾਣ। ਗੁਰਮਤਿ ਗਰੀਬੀ ਦੀ ਤੱਤ ਰਹਿਤ ਦੇ ਸਾਹਮਣੇ ਰਾਜਸੀ ਦਿਖਾਵੇ ਵਾਲੇ ਔਜ ਚਾਹੇ ਕਿਤਨੇ ਉਚੇ ਤੋਂ ਉਚੇ ਭਾਸਦੇ ਹੋਣ, ਤੁਛ ਮਾਤਰ ਹਨ।

ਗੁਰਮਤਿ ਧਾਰਨੀ ਗੁਰਮੁਖਿ ਦੇ ਰੋਮ ਰੋਮ ਅੰਦਰ ਗਹਿਰੀ ਤੋਂ ਗਹਿਰੀ ਗੰਭੀਰੀ ਗਰੀਬੀ ਪਰਵੇਸ਼ ਹੁੰਦੀ ਹੈ। ਜਿਉਂ ਜਿਉਂ ਉਹ ਗੁਰਮਤਿ ਨਾਮ ਦੇ ਤੱਤ ਅਭਿਆਸੀ ਬਣਦੇ ਜਾਂਦੇ ਹਨ ਤਿਉਂ ਤਿਉਂ ਨਿਰਮਾਣਤਾ ਦੇ ਹੀ ਪੁੰਜ ਹੁੰਦੇ ਜਾਂਦੇ ਹਨ। ਇਸ ਦੇ ਮੁਕਾਬਲੇ ਵਿਚ ਗੁਰਮਤਿ ਗੌਰਵਤਾ ਤੋਂ ਘੁਥੇ ਹੋਏ ਰਾਜਸੀ ਪੋਜ਼ੀਸ਼ਨਾਂ ਦੇ ਪਿਛੇ ਲਗਣ ਵਾਲੇ ਤ੍ਰਿਸ਼ਨਾਲੂਆਂ ਦੇ ਅੰਦਰ ਨਿਰਾ ਅਹੰਕਾਰ ਤੇ ਅਭਿਮਾਨ ਹੀ ਆ ਜਾਂਦਾ ਹੈ। ਗੁਰਮਤਿ ਰੌਸ਼ਨੀ ਤਲੇ ਇਹ ਅਭਿਮਾਨੀ ਨਿਰੇ ਨਰਕ-ਪਾਤਰ ਨਫ਼ਸਾਨੀ ਕੁੱਤੇ ਹੀ ਸ਼ੁਮਾਰ ਕੀਤੇ ਜਾਂਦੇ ਹਨ, ਯਥਾ ਗੁਰਵਾਕ—

ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕ ਪਾਤੀ ਹੋਵਤ ਸੁਆਨੁ ॥੧॥੧੨॥

[ਸੁਖਮਨੀ ਸਾਹਿਬ, ਪੰਨਾ ੨੭੮

ਦੇਖੋ ਸ੍ਰੀ ਦਸਮੇਸ਼ ਜੀ ਦੂਜੇ ਸਵਈਏ ਅੰਦਰ ਆਪਣੇ ਸ੍ਰੀ ਮੁਖਵਾਕ ਦੁਆਰਾ ਇਨ੍ਹਾਂ ਮਾਨ-ਮਤਿਆਂ ਰਾਜ-ਅਭਿਮਾਨੀਆਂ ਦੀ ਕੈਸੀ ਗਤਿ ਬਣਾਉਂਦੇ ਹਨ; ਯਥਾ—

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥
ਕੋਟਿ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੌ ਜਾਤ ਨਿਵਾਰੇ ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ॥
ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਇ ਪਧਾਰੇ ॥੨॥

ਸੋ ਬੜੇ ਬੜੇ ਐਸ਼੍ਵਰਜ ਵਾਲੇ ਪੁਰਸ਼ ਮਤੇ ਹੋਏ ਅਜਿਹੇ ਹਾਥੀਆਂ ਦੇ ਮਾਲਕ ਹਨ ਜੋ ਸੋਨੇ ਨਾਲ ਜੜੇ ਹੋਏ ਹੁੰਦੇ ਹਨ, ਅਤੇ ਬੜੇ ਬੜੇ ਉਚੇ ਉਚੇ ਕੱਦਾਂ ਵਾਲੇ ਸੋਨੇ ਨਾਲ ਸਜਾਏ ਹੋਏ ਉਪਮਾ ਤੋਂ ਰਹਿਤ ਰੰਗੀਲੀ ਸਜਾਵਟ ਵਾਲੇ ਹੁੰਦੇ ਹਨ। ਜਿਨ੍ਹਾਂ ਰਾਜਸੀ ਵਡ ਗਿਰੰਬਾਰੀ ਐਸ਼੍ਵਰਜੀਆਂ ਪਾਸ ਕਰੜਾਂ ਹੀ ਘੋੜੇ ਐਸੇ ਹੁੰਦੇ ਹਨ ਜੋ ਤੁਰਨ ਵਿਚ ਹਰਨਾਂ ਦੀ ਨਿਆਈਂ ਕੁਦਦੇ ਜਾਂਦੇ ਹਨ ਤੇ ਤੁਰਨ ਦੀ ਤੇਜ਼ੀ ਵਿਚ ਪਉਣ ਦੇ ਵੇਗ ਨੂੰ ਵੀ ਮਾਤ ਪਾਂਦੇ ਜਾਂਦੇ ਹਨ ਤੇ ਜਿਨ੍ਹਾਂ ਨੂੰ ਬੜੇ ਬੜੇ ਐਸ਼੍ਵਰਜ ਸੰਪਤਾ ਦੇ ਮਾਲਕਾਂ ਨੂੰ ਭਾਰੀ ਭੁਜਾਨ ਕੇ ਭੂਪ ਭਲੀ ਭਾਂਤ ਸਿਰ ਨਿਵਾਉਂਦੇ ਤੇ ਜੁਹਾਰ ਕਰਦੇ ਨਹੀਂ ਥਕਦੇ ਇਸ ਬਿਧਿ ਨਿਵਣ ਨੂੰ ਆਪਣੀ ਹਾਨੀ ਕਰਕੇ ਨਹੀਂ ਜਾਣਦੇ, ਏਨੇ ਵਡੇ ਭੂਪਤਾਂ ਦੇ ਭੂਪ ਜੋ ਹੋਏ ਹਨ ਉਹਨਾਂ ਦਾ ਹਸ਼ਰ ਅੰਤੀ ਅਉਸਰ ਇਹ ਹੋਇਆ ਹੈ ਕਿ ਨਾਂਗੇ ਪਾਇ ਹੀ ਪਧਾਰ ਜਾਂਦੇ ਹਨ। ਅਜਿਹੇ ਮਾਨਧਾਰੀਆਂ ਤੇ ਕੂੜਾਵੇ ਦੇ ਹਸ਼ਰਾਵੀਆਂ ਨੂੰ, ਐਂਠ ਐਂਠ ਕੇ ਵਿਡਾਣੀ ਚਾਕਰੀ ਕਰਨ ਦੇ ਫ਼ਖ਼ਰ ਕਰਨ-ਹਾਰਿਆਂ ਨੂੰ, ਖ਼ਾਸ ਕਰਕੇ ਗੁਰਸਿਖ ਲੀਡਰਾਂ ਨੂੰ ਖ਼ਾਸ ਇਬਰਤ ਹੋਣੀ ਚਾਹੀਦੀ ਹੈ। ਜੇ ਇਸ ਸਵਈਏ ਦਾ ਗੁਰਮਤਿ ਵੀਚਾਰ ਪੂਰਬਕ ਨਿਤਾਰਨ ਲਈ ਅਧਿਐਨ ਕੀਤਾ ਜਾਵੇ ਤਾਂ ਕੋਈ ਭੀ ਗੁਰਸਿਖ ਰਾਜਸੀ ਔਜ ਵਲ ਧਾਵਨੀਆਂ ਕਰਨ ਦਾ ਨਾਉਂ ਨਾ ਲਵੇ। ਏਹਨਾਂ ਅਗੇ ਭਾਵੇਂ ਨਵਾਬੀਆਂ ਗਵਰਨਰੀਆਂ ਰੁਲਦੀਆਂ ਫਿਰਨ, ਅਜਿਹੀਆਂ ਸੰਸਾਰਕ ਉਚ ਪੁਜ਼ੀਸ਼ਨਾਂ ਦੇ ਫਿਰ ਭੀ ਜੋ ਤ੍ਰਿਸ਼ਨਾਲੂ ਨਾ ਬਣਨ ਓਹਨਾਂ ਦੇ ਅੰਦਰ ਹੀ ਸੱਚੀ ਗੁਰਮਤਿ ਆਉਂਦੀ



www.AKJ.Org

ਹੈ। ਗੱਲ ਕੀ, ਭਗਵਾਨ ਦੇ ਸੱਚੇ ਭਜਨ ਨੂੰ ਛਡ ਕੇ ਜੋ ਨਿਰੇ ਨਿਰਲੱਜ ਹੋ ਕੇ ਏਹਨਾਂ ਕੂੜਾਵੀਆਂ ਮਰਾਤਬੇ-ਪ੍ਰਸਤੀਆਂ ਵਿਚ ਪੈਂਦੇ ਹਨ, ਉਹ ਗੁਰੂ ਸਾਹਿਬ ਦੀ ਤੱਤ ਸਿਖਿਆ ਤੇ ਚਲਣ ਵਾਲੇ ਸਿਖ ਨਹੀਂ ਕਹਾ ਸਕਦੇ। ਗੁਰੂ ਸਾਹਿਬ ਦਾ ਕੈਸਾ ਸਪਸ਼ਟ ਹੁਕਮ ਹੈ—

ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥

[ਸਲੋਕ ਮ: ੩, ਪੰਨਾ ੧੪੧੩

ਭਾਵ, ਨਾਮ ਰਤੜੇ ਬੇਪਰਵਾਹ ਬੇਮੁਥਾਜ ਪਾਤਸ਼ਾਹਾਂ ਦੇ ਨਜ਼ਰ ਤਲੇ ਕੂੜਾਵੀਆਂ ਮਾਇਕ ਪਾਤਸ਼ਾਹੀਆਂ ਹੇਚ ਹਨ। ਤੀਸਰੇ ਸੁਧਾ ਸਵਈਏ ਅੰਦਰ ਭੀ ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਨੇ ਗੁਰਸਿਖਾਂ ਦੀ ਦ੍ਰਿਸ਼ਟੀ ਗੋਚਰ ਕੈਸਾ ਭਿਅੰਕਰ ਦ੍ਰਿਸ਼ ਏਹਨਾਂ ਪਾਤਸ਼ਾਹਾਂ ਦਾ ਬੰਨ੍ਹਿਆ ਹੈ; ਯਥਾ—

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ ॥
ਭੂਤ ਭਵਿਖ ਭਵਾਨ ਕੇ ਭੂਪਤਿ ਕਉਨ ਗਨੈ ਨਹੀਂ ਜਾਤ ਬਿਚਾਰੇ ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥

ਸਾਰੇ ਪਾਸੇ ਤੇ ਕੁੰਟਾਂ ਤੇ ਦੇਸ਼ ਦਿਸ਼ਾਂਤਰਾਂ ਨੂੰ ਜਿਤ ਕੇ ਜੈ-ਬਿਜੇ ਦਾ ਸਿਹਰਾ ਲਈ ਫ਼ਿਰਨ ਵਾਲਿਆਂ ਨੂੰ ਭੀ ਗੁਰੂ ਸਾਹਿਬ ਨੇ ਬੜਾ ਹੀ ਹਕੀਰ ਤੇ ਕੰਗਲਾ ਜਣਾਇਆ ਹੈ। ਹਮਾਕਤ ਦੇ ਬਫ਼ਾਏ ਹੋਏ ਉਹ ਕਿਸੇ ਦੇਸ਼ ਦੀ ਜੈ ਬਿਜੇ ਕਰ ਕੇ ਆਪਣੇ ਜਾਮੇ ਵਿਚ ਮਿਉਂਦੇ ਨਹੀਂ, ਖੁਸ਼ੀ ਦੀਆਂ ਆਕੜਾਂ—ਢੋਲ ਮਿਰਦੰਗ ਨਗਾਰੇ ਹੋਰ ਵਧੇਰੇ ਬਜਾਉਂਦੇ ਫਿਰਦੇ ਹਨ। ਅਨੇਕਾਂ ਐਟਮ ਬੰਬਾਂ ਦੇ ਧਮਕਾਹੇ ਧੁਮਾਉਂਦੇ ਹਨ। ਦੂਜੇ ਪਾਸੇ ਦੇ ਹਮਾਕਤੀ ਭੇੜੂ ਰਾਜੇ ਹਾਈਡਰੋਜਨ ਆਦਿ ਬੰਬਾਂ ਦੇ ਤਿਆਰੇ ਕਰਦੇ ਫਿਰਦੇ ਹਨ। ਇਸ ਬਿਧਿ ਹੰਕਾਰੇ ਫੂੰਕਾਰੇ ਹੋਏ ਆਪਸ ਵਿਚ ਖਹਿ ਖਹਿ ਮਰਨ ਦੇ ਕੂੜੇ ਬੁੰਗਾਰੇ ਬੁੰਗਾਰਦੇ ਹਨ। ਪੁਰਾਤਨ ਰਾਜੇ ਰਾਜੇਸ਼ਰਾਂ ਦੇ ਦੇਸ ਦਿਸੰਤਰੀ ਜੈ ਬਿਜਈਆਂ ਦੇ ਤਬੇਲਿਆਂ ਅੰਦਰ ਤਾਂ ਬੜੇ ਬੜੇ ਕਵੀ-ਹੈਕਲ ਹਾਥੀ ਗਜਦੇ ਸਨ ਤੇ ਕੋਤਲ ਘੋੜੇ ਰਾਜ-ਹਜਾਰੇ ਹਾਥੀਆਂ ਦੇ ਕੱਦਾਂ ਵਾਲੇ ਹਿਣਕਦੇ ਫਿਰਦੇ ਸਨ, ਅਜ ਕਲ ਦੇ ਰਾਜ-ਅਭਿਮਾਨੀਆਂ ਦੇ ਘਰੀਂ ਐਟਮ ਬੰਬਾਂ, ਹਾਈਡਰੋਜਨ ਬੰਬਾਂ ਦੇ ਗੰਜਾਂ ਦੇ ਗੰਜ ਉਸਰੇ ਪਏ ਹਨ। ਪਿਛੇ ਪਿਛਲੇ ਜੁਗਾਂ ਵਿਚ ਏਦੂੰ ਭੀ ਵਡੀਆਂ ਤਾਕਤਾਂ ਵਾਲੇ ਮਹੀਪ ਹੋ ਚੁਕੇ ਹਨ ਤੇ ਅਗੇ ਨੂੰ ਖ਼ਬਰ ਨਹੀਂ ਹੋਰ ਕਿਤਨੀਆਂ ਵਡੀਆਂ ਤਾਕਤਾਂ ਵਾਲੇ ਦੁਨੀਆਦਾਰ ਵਡੇ ਰਾਜੇ ਹੋ ਗੁਜ਼ਰਨਗੇ। ਪਰੰਤੂ ਸੱਚੇ ਵਾਹਿਗੁਰੂ ਸ੍ਰੀ ਭਗਵਾਨ ਦੇ ਸੱਚੇ ਭਜਨ ਨਾਮ ਅਭਿਆਸ ਬਿਨਾਂ ਅੰਤ੍ਰੀ ਅਉਸਰ ਏਵਡ ਵਡੇ ਰਾਜ-ਅਭਿਮਾਨੀ ਰਾਜਸੀ ਮਹੀਪ ਸਭ ਭਸਮਾ ਭੂਤ ਹੋ ਜਾਣਗੇ।

ਅਸੀਂ ਆਪਣੇ ਅਖੀਂ ਰੁਹਤਾਸ ਦਾ ਕਿਲ੍ਹਾ ਦੇਖਿਆ ਹੈ, ਜਿਸ ਦੀਆਂ ਫ਼ਸੀਲਾਂ ਕਈ ਮੀਲਾਂ ਵਿਚ ਵਗਲੀਆਂ ਪਈਆਂ ਹਨ, ਅਜ ਉਥੇ ਉੱਲੂ ਬੋਲਦੇ ਹਨ। ਦੇਖ ਕੇ ਇਬਰਤ ਆਉਂਦੀ ਹੈ ਕਿ ਏਹਨਾਂ ਕਿਲ੍ਹੇ ਦੇ ਮਾਲਕਾਂ ਨੇ, ਆਪਣੇ ਅਗਿਆਨ ਭਰੇ ਅਭਿਮਾਨ ਦੇ ਗੁਸੇ ਹੋਇਆਂ ਨੇ ਇਹ ਮਿਥਿਆ ਹੋਇਆ ਸੀ ਕਿ ਰਹਿੰਦੇ ਜਹਾਨ ਤਾਈਂ ਸਾਡੇ ਐਸ਼੍ਵਰਜੀ ਰਾਜ-ਧਾਮ ਕਿਲ੍ਹੇ ਕਾਇਮ ਦਾਇਮ ਹੀ ਰਹਿਣਗੇ। ਅਜ ਉਥੇ ਬਰਨਾ ਬੋਲਦੀ ਹੈ। ਉਸ ਸਮੇਂ ਦੇ ਭਾਰੀ ਭੁਜਾਨ ਦੇ ਸ਼ੇਰਸ਼ਾਹ ਨੇ ਹਮਾਯੂੰ ਬਾਦਸ਼ਾਹ ਦੇ ਬਰਖ਼ਿਲਾਫ਼ ਇਹ ਅਡੰਬਰ ਰਚਿਆ ਸੀ। ਪਰ ਇਸ ਅਡੰਬਰੀ ਵਡ ਗਿਰੰਬਾਰੀ ਕੂੜਾਵੇ ਬਾਦਸ਼ਾਹ ਨੇ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਬਰਖ਼ਿਲਾਫ਼ ਭੀ ਬਗ਼ਾਵਤ ਕਰਨੋਂ ਕਸਰ ਨਹੀਂ ਛਡੀ ਸੀ। ਇਸ ਕਿਲ੍ਹੇ ਤੋਂ ਬਾਹਰਵਾਰ ਗੁਰੂ ਨਾਨਕ ਸਾਹਿਬ ਜੀ ਦੇ ਗ਼ਾਇਬੀ ਤਾਕਤ ਨਾਲ ਸਰਸ਼ਾਰ ਕੀਤੇ ਅਥਾਹ ਜਲ ਦੇ ਚਸ਼ਮੇ ਨੂੰ ਆਪਣੇ ਕਿਲ੍ਹੇ ਅੰਦਰ ਲਿਆਉਣ ਦੀ ਬੜੀ ਭਾਰੀ ਹਮਾਕਤ ਭਰੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮਯਾਬ ਹੀ ਰਹੀ। ਸੱਤ ਵਾਰ ਕੰਧਾਂ ਉਸਾਰ ਕੇ ਗ਼ਾਇਬੀ ਚਸ਼ਮੇ ਨੂੰ ਕਿਲ੍ਹੇ ਅੰਦਰ ਲਿਆਉਣ ਦਾ ਤਰਲਾ ਮਾਰਿਆ, ਪਰੰਤੂ ਬਿਰਥਾ ਹੀ ਗਿਆ। ਅਜ ਓਹ ਸਤੇ ਦੀਵਾਰਾਂ ਸੁੰਞੀਆਂ



www.AKJ.Org

ਓਵੇਂ ਜਿਵੇਂ ਖੜੀਆਂ ਹਸਰਤ-ਆਮੇਜ਼ ਨਜ਼ਾਰਾ ਪੇਸ਼ ਕਰ ਰਹੀਆਂ ਹਨ। ਗੁਰੂ ਦਾ ਨਦਰਾਇਆ ਹੋਇਆ ਜਲ ਦਾ ਚਸ਼ਮਾ ਏਹਨਾਂ ਸਤਾਂ ਹੀ ਦੀਵਾਰਾਂ ਤੋਂ ਬਾਹਰਵਾਰ ਕਾਇਮ ਦਾਇਮ ਹੈ। ਉਥੇ ਗੁਰਦੁਆਰਾ ਸਜਿਆ ਹੋਇਆ ਹੈ। ਬੜੀਆਂ ਰੌਣਕਾਂ ਬਣੀਆਂ ਹੋਈਆਂ ਹਨ। ਸੈਂਕੜੇ, ਸਿਖ ਯਾਤਰੂ ਯਾਤਰਾ ਕਰ ਕਰ ਕੇ ਨਿਹਾਲ ਨਿਹਾਲ ਤੇ ਕ੍ਰਿਤ ਕ੍ਰਿਤ ਹੁੰਦੇ ਹਨ। ਪਰ ਉਸ ਉਜੜੇ ਹੋਏ ਰੁਹਤਾਸ ਦੇ ਕਿਲ੍ਹੇ ਵਲ ਕੋਈ ਥੁਕਦਾ ਭੀ ਨਹੀਂ। ਅਜਿਹੇ ਉਦਾਹਰਨਾਂ ਨੂੰ ਪੇਖ ਕੇ, ਸਾਡੀ ਯਕੀਨ ਭਰੀ ਸ਼ਰਧਾ ਹੋਰ ਭੀ ਵਧੇਰੇ ਹੋ ਗਈ ਹੈ ਕਿ ਪੰਜਾ ਸਾਹਿਬ ਜੈਸੇ ਗੁਰ-ਅਸਥਾਨ ਇਕ ਦਿਨ ਜ਼ਰੂਰ ਹੀ ਆਜ਼ਾਦ ਹੋਣਗੇ, ਅਭਿਮਾਨੀਆਂ ਦੇ ਅਭਿਮਾਨ ਵਿਚੇ ਹੀ ਰਹਿ ਜਾਣਗੇ।

ਚੌਥੇ ਸਵਈਏ ਅੰਦਰ ਸ੍ਰੀ ਗੁਰੂ ਸੱਚੇ ਪਾਤਸ਼ਾਹ ਦਸਮੇਸ਼ ਜੀ ਨੇ ਗੁਰਮਤਿ ਤੋਂ ਛੁਟ ਆਨਮਤ ਦੇ ਵਡੇ ਅਡੰਬਰੀ ਕਾਰਨਾਮਿਆਂ ਨੂੰ ਤੁਛ ਮਾਤਰ ਕਰ ਕੇ ਪ੍ਰਗਟਾਇਆ ਹੈ, ਜਾਂ ਤੇ ਕੋਈ ਭੀ ਸਿਖ ਏਹਨਾਂ ਅਡੰਬਰਾਂ ਨੂੰ ਦੇਖ ਕੇ ਗੁਰਮਤਿ ਦੇ ਸੱਚੇ ਪਰਮਾਰਥ ਤੋਂ ਭੁਲ ਨਾ ਜਾਵੇ; ਯਥਾ—

ਤੀਰਥ ਨ ਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੇ ॥
ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੇ ॥
ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੇ ॥
ਸ੍ਰੀ ਭਗਵਾਨ ਭਜੇ ਬਿਨ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੇ ॥੪॥

ਇਸ ਸਵਈਏ ਅੰਦਰ ਕੈਸੀ ਅਉਜ ਭਰੀ ਉਚਤਾ ਸਹਿਤ ਗੁਰੂ ਸੱਚੇ ਪਾਤਸ਼ਾਹ ਨੇ ਗੁਰਮਤਿ ਦਾ ਮੰਡਨ ਤੇ ਆਨਮਤਿ ਦਾ ਖੰਡਨ ਕੀਤਾ ਹੈ। ਆਨਮਤਾਂ ਦੇ ਤੀਰਥਾਂ ਉਤੇ ਨਹਾਉਣਾ ਤੇ ਉਥੇ ਹੀ ਨਹਾ ਕੇ ਪੁੰਨ ਦਾਨ ਕਿਰਿਆ ਆਦਿਕ ਕਰਨੀ, ਪ੍ਰਾਣ ਦਾਨ ਕਰਨ ਤਾਈਂ ਭੀ ਫੋਕਟ ਦਇਆ ਕੀਤੀ ਹੋਈ, ਦਾਨੀਆਂ ਦੀ ਬੇਅਰਥ ਜਾਂਦੀ ਹੈ। ਓਹਨਾਂ ਹੀ ਤੀਰਥਾਂ ਤੇ ਏਸ ਪ੍ਰਕਾਰ ਦੇ ਅਨੇਕ ਸੰਜਮੀ ਅਡੰਬਰ ਕੀਤੇ ਹੋਏ ਭੀ ਕਿਸੇ ਲੇਖੇ ਨਹੀਂ। ਆਨਮਤੀ ਪੁਸਤਕਾਂ ਦੇ ਨੇਮ-ਧਰਮੀ ਅਨੇਕਾਂ ਹੀ ਵਿਸ਼ੇਸ਼ ਤੋਂ ਵਿਸ਼ੇਸ਼ ਉਪਾਉ ਕੀਤੇ ਹੋਏ ਕਿਸੇ ਕੰਮ ਨਹੀਂ ਆਉਂਦੇ। ਗੁਰੂ ਸੱਚੇ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਸਾਰੇ ਜ਼ਮੀਨ ਜ਼ਮਾਨ ਦੇ ਸਭ ਅਸਥਾਨਾਂ ਤੇ ਨਿਗਾਹ ਮਾਰ ਕੇ ਤੇ ਫਿਰ ਕੇ ਅਸੀਂ ਦੇਖ ਲਿਆ ਹੈ, ਤਿਨ੍ਹਾਂ ਸਭਸ ਦੇਸ਼ਾਂ ਕੂੰਟਾਂ ਦੇ ਰਿਵਾਜਾਂ ਅਨੁਸਾਰ ਰਾਇਜ ਬੇਦ ਪੁਰਾਨ ਕਤੇਬ ਕੁਰਾਨ ਵਾਲੇ ਮਤ ਨਿਰੇ ਫੋਕਟ ਹੀ ਹਨ। ਰੰਚਕ ਭੀ ਅਸਰ-ਪਜ਼ੀਰ ਨਹੀਂ। ਆਨਮਤ ਦਰਸੀ ਪਉਣ-ਅਹਾਰੀਆਂ ਦੇ ਆਨਮਤ ਕਰਮ, ਜਤੀਆਂ ਦੇ ਜਤ-ਧਾਰ ਧਰਮ, ਸਭ ਆਨਮਤੀ ਮਤਿ ਪਖੰਡ ਰਲੇ ਅਡੰਬਰ ਹੀ ਹਨ। ਐਸੇ ਹਜ਼ਾਰਾਂ ਅਡੰਬਰ ਆਨਮਤ ਪਖੰਡ-ਕਿਰਿਆ ਦੇ ਕੀਤੇ ਹੋਏ ਅਸੀਂ ਗਹਿਰੀ ਵੀਚਾਰ-ਦ੍ਰਿਸ਼ਟੀ ਨਾਲ ਪੇਖ ਪਰਖ ਲਏ ਹਨ, ਪਰੰਤੂ ਸਭ ਫੋਕਟ ਹੀ ਨਿਕਲੇ ਹਨ। ਕਈ ਆਨਮਤੀ ਭੂਪਤ ਰਾਜੇ ਭੀ ਆਪਣੀਆਂ ਰਾਜਧਾਨੀਆਂ ਤੇ ਭੂਪਤਾਨੀਆਂ ਛਡ ਕੇ ਏਹਨਾਂ ਆਨਮਤ ਕਰਮ-ਧਰਮੀ ਪਖੰਡਾਂ ਵਿਚ ਪਰਵਿਰਤ ਹੋਏ ਹਨ, ਪਰੰਤੂ ਓਹਨਾਂ ਦਾ ਇਹ ਰਾਜ-ਨਵਿਰਤੀ ਵਾਲਾ ਪਖਸ਼ ਭੀ ਕਿਸੇ ਲੇਖੇ ਨਹੀਂ ਪੈਂਦਾ। ਇਕ ਸੱਚੇ ਵਾਹਿਗੁਰੂ ਦੇ ਨਾਮ ਦੀ ਪ੍ਰੇਮ-ਪ੍ਰੀਤੀ ਬਿਨਾਂ ਏਹਨਾਂ ਉਪਰ ਦਸੇ ਕਿਸੇ ਇਕ ਭੀ ਆਨਮਤੀ ਕਰਮ ਦੀ ਕੀਤੀ ਹੋਈ ਘਾਲ ਥਾਉਂ ਨਹੀਂ ਪੈਂਦੀ। ਏਸੇ ਪ੍ਰਕਾਰ ਹੀ ਕੇਵਲ ਗੁਰਮਤਿ ਦੀ ਅਨਿੰਨਤਾ ਵਿਲੱਖਣਤਾ ਦ੍ਰਿੜ੍ਹ ਕਰਾਉਣ ਲਈ ਅਤੇ ਅਨਿਕ ਪ੍ਰਕਾਰੀ ਆਨਮਤੀ ਅਡੰਬਰਾਂ ਨੂੰ ਖੰਡਣ ਕਰਨ ਲਈ ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਨੇ ਅਗਲੇਰੇ ਸੁਧਾ ਸਵਈਏ ਵਿਚ ਭੀ ਸੁਚਿਆਰ ਗੁਰਸਿਖਾਂ ਤਾਈਂ ਚੌਕਸਤਾ ਤੇ ਸਾਵਧਾਨਤਾ ਉਤੇ ਤੱਤਪਰ ਰਹਿਣ ਲਈ ਡੰਕੇ ਦੀ ਚੋਟ ਨਾਲ ਸੱਚਾ ਸੁਚਾ ਇਜ਼ਹਾਰ ਕੀਤਾ ਹੈ। ਇਸ ਵਿਸਥਾਰ ਵਿਚ ਬਹੁਤਾ ਸਾਨੂੰ ਪੈਣ ਦੀ ਲੋੜ ਨਹੀਂ, ਵੰਨਗੀ ਮਾਤਰ ਪਿਛਲੇ ਚਾਰ ਸਵਈਆਂ ਦੀ ਵਿਆਖਿਆ ਹੀ ਬਥੇਰੀ ਹੈ। ਏਵਡ ਵਡੀਆਂ ਵਿਸਥਾਰ ਭਰੀਆਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਸੁਣ ਕੇ ਭੀ ਜੇ ਸਾਡੇ ਭੋਲੇ ਭਾਲੇ ਗੁਰਸਿਖ ਭਰਾਵਾਂ ਦੀਆਂ ਅੱਖੀਆਂ ਨਾ ਖੁਲ੍ਹਣ ਤੇ ਫੇਰ ਭੀ ਉਹਨਾਂ ਸੂਧੇ ਸਾਦੇ ਸਿਖਾਂ ਨੂੰ ਅਨਮਤੀ ਪਖੰਡੀ ਭੇਖਧਾਰੀ ਸਾਧੜੇ ਭੁਚਲਾਉਂਦੇ ਰਹਿਣ ਤਾਂ ਵਡੀ ਭਾਰੀ ਅਧੋਗਤੀ ਵਾਲੀ ਕਰੂਰ ਕਰਮੀ ਹੈ।

["ਗੁਰਮਤਿ ਗੌਰਵਤਾ" ਪੁਸਤਕ ਵਿਚੋਂ



www.AKJ.Org

# ਨਾਨਕ ਨਾਮ ਚੜ੍ਹਦੀ ਕਲਾ

[ਪ੍ਰੋਫੈਸਰ ਗੁਰਮੁਖ ਸਿੰਘ ਜੀ]

**ਸਿਖ ਮਾਨਸਿਕਤਾ ਲੇਖ-ਲੜੀ ਨੰਬਰ ੫**

ਇਸ ਲੇਖ ਵਿਚ ਲੇਖਕ ਜੀ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਸਿਖ ਮਾਨਸਿਕਤਾ ਨੂੰ ਗੁਰਬਾਣੀ ਕਿਵੇਂ ਸਿੰਜਦੀ ਤੇ ਪਰਫੁਲਤ ਕਰਦੀ ਹੈ। —ਸੰਪਾਦਕ

ਸਿਖ ਨਿਤਾਪ੍ਰਤੀ ਅਰਦਾਸ ਕਰਦਾ ਹੈ, ਜਿਸ ਦੀ ਅੰਤਲੀ ਤੁਕ ਹੈ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'

ਇਸ ਤੁਕ ਦੇ ਅਰਥ ਹਨ—ਕੇਵਲ ਗੁਰੂ ਨਾਨਕ ਪਾਤਸ਼ਾਹ ਦੇ ਬਖਸ਼ੇ ਹੋਏ ਨਾਮ ਦੁਆਰਾ ਹੀ ਚੜ੍ਹਦੀ ਕਲਾ ਪ੍ਰਾਪਤ ਹੁੰਦੀ ਹੈ। ਅਤੇ ਹਰ ਚੜ੍ਹਦੀ ਕਲਾ ਵਾਲਾ ਸਿੰਘ ਉਸ ਵਾਹਿਗੁਰੂ ਜੀ ਦੇ ਪਿਆਰ ਵਿਚ ਉਸ ਦੀ ਬਣਾਈ ਸਵਾਰੀ ਸ੍ਰਿਸ਼ਟੀ ਦਾ ਭਲਾ ਲੋਚਦਾ ਹੈ। ਸਰਬੱਤ ਦੇ ਭਲੇ ਦੀ ਗੱਲ ਪਿਛਲੇਰੇ ਲੇਖਾਂ ਵਿਚ ਆ ਚੁਕੀ ਹੈ। ਹਥਲੇ ਲੇਖ ਵਿਚ ਚੜ੍ਹਦੀ-ਕਲਾ ਤੇ ਵਿਚਾਰ ਕੀਤਾ ਜਾਵੇਗਾ ਕਿ ਕਿਵੇਂ ਗੁਰਬਾਣੀ ਵਿਚੋਂ ਸਿਖ-ਮਾਨਸਿਕਤਾ ਨੂੰ ਚੜ੍ਹਦੀ-ਕਲਾ ਮਿਲਦੀ ਹੈ।

ਚੜ੍ਹਦੀ ਕਲਾ ਉਸ ਉਚ ਅਵਸਥਾ ਦਾ ਨਾਮ ਹੈ ਜੋ ਨਾਮ ਜਪ ਜਪ ਕੇ ਗੁਰਸਿਖ ਨੂੰ ਪ੍ਰਾਪਤ ਹੁੰਦੀ ਹੈ। ਇਸ ਅਵਸਥਾ ਵਿਚ ਨਾਮ ਦੇ ਚਲੂਲੇ ਰੰਗਾਂ ਦਾ ਅੰਤਰ-ਆਤਮੇ ਅਨੁਭਵ ਹੁੰਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ [੧੮੭੯-੧੯੬੧] ਵਰਤਮਾਨ ਯੁਗ ਦੇ ਇਕ ਮਹਾਨ ਅਭਿਆਸੀ ਗੁਰਸਿਖ ਅਤੇ ਗੁਰੂ ਕੇ ਮਹਾਨ ਕੀਰਤਨੀਏ ਹੋਏ ਹਨ। ਉਹਨਾਂ ਜੋਤਿ ਦੇ ਪ੍ਰਕਾਸ਼ ਹੋਣ ਤੇ ਚੜ੍ਹਦੀ-ਕਲਾ ਅਤੇ ਆਤਮ-ਰੰਗਾਂ ਦਾ ਵਰਨਣ ਇਉਂ ਕੀਤਾ ਹੈ—

> "ਅਜ ਮੇਰੇ ਹੱਭੇ ਟੋਲ ਸੁਹਾਵਣੇ ਹੋ ਗਏ। ਪ੍ਰਕਾਸ਼ ਉਜਿਆਰੇ ਦਾ ਇਕ ਡਲ੍ਹ ਡਲ੍ਹ ਕਰੇਂਦਾ ਸਮੁੰਦਰ ਮੇਰੇ ਅੰਤਰ ਬਾਹਰ ਠਾਠਾਂ ਮਾਰੇ।.. ਜਿਉਂ ਜਿਉਂ ਮੈਂ ਇਹਨਾਂ ਤਰੰਗਾਂ ਵਿਚ ਲੀਨ ਹੋਵਾਂ, ਤਿਉਂ ਤਿਉਂ ਹੋਰ ਤੋਂ ਹੋਰ, ਅਧਿਭੁਤ ਤੇ ਪਰਮ ਅਧਿਭੁਤ ਪਰਮਾਰਥੀ ਰੰਗਾਂ ਦੇ ਕਉਤਕ ਮੇਰੇ ਦਿਬ-ਦ੍ਰਿਸ਼ਟੀ ਨੇਤਰਾਂ ਦੇ ਅਗੋਚਰ ਆਵਣ, ਜਿਨ੍ਹਾਂ ਦਾ ਲਿਖਣਾ, ਕਥਨਾ, ਪੰਜ-ਭੂਤਕ ਇਨਸਾਨੀ ਦਾਇਰੇ ਤੋਂ ਬਾਹਰ ਹੈ।"
>
> (ਜੇਲ੍ਹ ਚਿਠੀਆਂ, ਪੰਨਾ ੫੯)

ਇਉਂ ਨਾਮ ਦੇ ਚਲੂਲੇ ਰੰਗਾਂ ਵਿਚ ਖੇਡਦੇ ਸਨ ਗੁਰੂ ਦਸਮੇਸ਼ ਦੇ ਸਜੀਲੇ ਖਾਲਸਾ ਜੀ। ਨਾਮ ਜਪ ਜਪ ਕੇ ਉਹ ਸਦਾ ਅਧਿਭੁਤ ਆਤਮ-ਤਰੰਗਾਂ ਵਿਚ ਵਿਚਰਦੇ ਸਨ।

ਜਦੋਂ ਇਕ ਦੂਜੇ ਤੋਂ ਸਿੰਘਾਂ ਨੇ ਹਾਲ ਪੁਛਣਾ ਤਾਂ ਉਤਰ ਹੁੰਦਾ ਸੀ 'ਚੜ੍ਹਦੀ ਕਲਾ'; ਜਿਸਦਾ ਅਰਥ ਹੁੰਦਾ ਸੀ ਕਿ ਉਹ ਨਾਮ ਬਾਣੀ ਵਿਚ ਗੜੂੰਦ ਰਹਿੰਦਾ ਹੈ। ਇਸ ਉਤਰ ਤੋਂ ਭਾਵ ਆਤਮਕ ਵਿਗਾਸ ਦਾ ਹੁੰਦਾ ਸੀ, ਨਾ ਕਿ ਸਰੀਰਕ-ਸਿਹਤ ਦਾ। ਅਜੋਕੇ ਮਨੁਖ ਜਦੋਂ ਹਾਲ ਪੁਛਦੇ ਹਨ ਇਕ ਦੂਸਰੇ ਤੋਂ ਤਾਂ ਉਹਨਾਂ ਦੇ ਹਾਲ ਪੁਛਣ ਦਾ ਮਨੋਰਥ ਕੇਵਲ ਸਰੀਰਕ ਅਵਸਥਾ ਜਾਂ ਸੰਸਾਰਕ ਕਾਰਾਂ ਵਿਹਾਰਾਂ ਤੋਂ ਹੀ ਹੁੰਦਾ ਹੈ। ਪਰ ਪੁਰਾਤਨ ਖਾਲਸਾ ਜਾਣਦੇ ਸੀ ਕਿ ਸਰੀਰਕ ਸਿਹਤ ਨਾਲੋਂ ਆਤਮਕ ਸਿਹਤ ਵਧੇਰੇ ਮਹੱਤਵ ਪੂਰਣ ਹੈ। ਉਹ "ਸਰਬ ਰੋਗ ਕਾ ਅਉਖਦੁ ਨਾਮੁ"* ਮੰਨਦੇ ਸਨ ਅਤੇ ਨਾਮ ਨਾਲ ਨਾ-ਕੇਵਲ ਸਰੀਰ ਨਰੋਆ ਰਖਦੇ ਸਨ, ਸਗੋਂ ਆਤਮਕ ਤੌਰ ਤੇ ਭੀ ਬਲਵਾਨ ਅਤੇ ਬੁਲੰਦ ਹੌਸਲੇ ਵਾਲੇ ਬਣ ਕੇ ਪੰਜਾਬ ਦੇ ਇਤਿਹਾਸ ਵਿਚ ਅਲੌਕਿਕ ਕੌਤਕ ਵਰਤਾਉਂਦੇ ਰਹੇ। ਪਰਸਿਧ ਇਤਿਹਾਸਕਾਰ ਡਾਕਟਰ ਹਰੀ ਰਾਮ ਗੁਪਤਾ ਆਪਣੀ ਪੁਸਤਕ 'ਸਿਖ ਇਤਿਹਾਸ' ਦੇ ਅੰਤ ਵਿਚ ਹੈਰਾਨੀ

* ਸੁਖਮਨੀ ਮ: ੫, ਪੰਜਵਾਂ ਪਦਾ, ਅਸ: ੯, ਪੰਨਾ ੨੭੪



www.AKJ.Org

ਪਰਗਟ ਕਰਦਾ ਹੈ ਕਿ ਕਿਵੇਂ ਮੁੱਠੀ ਭਰ ਸਿਖ ਕੌਮ, ਜਿਸ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਮੁਗ਼ਲ ਸਰਕਾਰ ਦ੍ਰਿੜ੍ਹ ਨਿਸਚਾ ਕਰ ਚੁਕੀ ਸੀ, ਪੰਜਾਬ ਤੇ ਰਾਜ ਕਰਨ ਲਗ ਪਈ ? ਡਾਕਟਰ ਗੁਪਤਾ ਜੀ ਨੂੰ ਖਾਲਸੇ ਦੀ ਅੰਤਰਮੁਖੀ ਚੜ੍ਹਦੀ-ਕਲਾ ਦੇ ਦਰਸ਼ਨ ਨਹੀਂ ਹੋਏ ਅਤੇ ਨਾ ਹੀ ਉਸ ਸਮੇਂ ਦੇ ਗ਼ੈਰ-ਸਿਖ ਇਤਿਹਾਸਕਾਰਾਂ ਤੋਂ ਇਸ ਬਾਰੇ ਕੁਝ ਲਿਖੇ ਜਾਣ ਦੀ ਆਸ ਹੀ ਹੋ ਸਕਦੀ ਹੈ। ਇਹ ਤਾਂ ਬਿਸਮਾਦੀ ਗੱਲਾਂ ਹਨ, ਰੂਹ ਦੇ ਦੇਸ਼ ਦੀਆਂ ਗੱਲਾਂ ਹਨ। ਅਹੰਕਾਰ-ਗ੍ਰਸੀਆਂ ਹਕੂਮਤਾਂ ਕੀ ਜਾਨਣ, ਇਹ ਚੜ੍ਹਦੀ ਕਲਾ ਕੀ ਹੁੰਦੀ ਹੈ। ਚੜ੍ਹਦੀ-ਕਲਾ ਦਾ ਸਰੂਪ ਅਦ੍ਰਿਸ਼ਟ ਹੈ, ਅੰਤਰਮੁਖੀ ਹੈ, ਆਤਮਕ ਹੈ, ਰੂਹਾਨੀ ਹੈ। ਅਤੇ ਖਾਲਸੇ ਨੇ ਇਸ ਕਲਾ ਦੀ ਵੱਡੇ ਪੈਮਾਨੇ ਤੇ ਵਰਤੋਂ ਕਰ ਕੇ ਸੰਸਾਰ ਦੇ ਸਾਹਮਣੇ (demonstrate) ਪਰਗਟ ਕਰ ਵਿਖਾਇਆ ਹੈ ਕਿ ਆਪਣੇ ਧਰਮ ਦੀ ਖ਼ਾਤਰ, ਤੱਤੀ ਤਵੀ ਤੇ ਬੈਠਿਆ ਜਾ ਸਕੀਦਾ ਹੈ, ਦੇਗਾਂ ਵਿਚ ਉਬਾਲੇ ਖਾਧੇ ਜਾ ਸਕਦੇ ਹਨ, ਬੰਦ ਬੰਦ ਕਟਵਾਏ ਜਾ ਸਕਦੇ ਹਨ, ਅਤੇ ਦਸ ਦਿਤਾ ਕਿ ਕਿਵੇਂ ਸੀਸ ਤਲੀ ਤੇ ਰਖ ਕੇ ਯੁਧ ਕਰਦੇ ਪ੍ਰਤਗਿਆ ਪੂਰੀ ਕਰਨ ਲਈ ਸ੍ਰੀ ਹਰੀਮੰਦਰ ਸਾਹਿਬ ਤਕ ਕੋਈ ਅਪੜ ਸਕਦਾ ਹੈ। ਮਰਨ ਦੀ ਪਰਵਾਹ ਨਹੀਂ ਹੁੰਦੀ, ਜੀਉਣ ਦੀ ਚਾਹ ਨਹੀਂ ਹੁੰਦੀ, ਜੇ ਲਟਕ ਹੁੰਦੀ ਹੈ ਤਾਂ ਇਕੋ–

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ਰਹਾਉ॥

[ਧਨਾਸਰੀ ਰਵਿਦਾਸ ਜੀ, ਪੰਨਾ ੬੯੪

ਗੋਬਿੰਦ-ਪ੍ਰਭੂ ਦੀ ਪ੍ਰੀਤ ਜੀਅ ਦੇ ਕੇ ਲਈ ਹੈ, ਬੜਾ ਮਹਿੰਗਾ ਮੁਲ ਤਾਰਿਆ ਹੈ। ਇਹ ਪ੍ਰੀਤ ਕਦੀ ਟੁਟੇ ਨਾ, ਇਹ ਹੈ ਚੜ੍ਹਦੀ ਕਲਾ ਦਾ ਵਲਵਲਾ।

ਚੜ੍ਹਦੀ ਕਲਾ ਅਗੰਮੀ ਵਲਵਲੇ ਤੇ ਨਾਮ ਬਾਣੀ ਦੇ ਰੰਗਾਂ ਭਰੇ ਜਜ਼ਬੇ ਦਾ ਮਨ ਅੰਦਰ ਉਗਮ ਪੈਣਾ ਹੈ, ਜੋ ਗੁਰੂ ਕੀ ਬਖ਼ਸ਼ਸ਼ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਇਸ ਚੜ੍ਹਦੀ ਕਲਾ ਦੇ ਵਲਵਲੇ ਦੇ ਕੌਤਕ ਹੀ ਨਿਆਰੇ ਹਨ। ਚੜ੍ਹਦੀ ਕਲਾ ਸ਼ਬਦ ਬਾਣੀ ਅੰਦਰ ਚਾਹੇ ਕਿਤੇ ਨਹੀਂ ਵਰਤਿਆ ਗਿਆ, ਪਰ ਚੂੰਕਿ ਇਹ ਨਿਤ ਨਵੇਂ ਰੰਗਾਂ ਤੇ ਖੇੜਿਆਂ ਦੀ ਅਵਸਥਾ ਹੁੰਦੀ ਹੈ ਇਸ ਕਰਕੇ ਸਿੰਘਾਂ ਨੇ ਆਪਣੇ ਅਨੁਭਵ ਤੋਂ ਹੀ ਇਸ ਅਵਸਥਾ ਦਾ ਨਾਮ ਚੜ੍ਹਦੀ ਕਲਾ ਰਖ ਦਿਤਾ। ਜੇਲ੍ਹ ਚਿਠੀਆਂ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਕੇਵਲ ਇਕ ਦਿਨ ਅੰਮ੍ਰਿਤ ਵੇਲੇ ਦੇ ਇਸ਼ਨਾਨ ਤੋਂ ਬਾਅਦ ਦੀ ਨਾਮ ਦੇ ਚਲੂਲੇ ਰੰਗਾਂ ਦੀ ਚੜ੍ਹਦੀ ਕਲਾ ਦਾ ਜ਼ਿਕਰ ਕੁਝ ਇੰਜ ਕਰਦੇ ਹਨ :–

"ਖੀਵੇ ਹੋਏ ਨੇ ਇਸ਼ਨਾਨ ਜੋ ਕੀਤਾ ਤਾਂ ਸੁਆਸ ਅਭਿਆਸ ਦਾ ਐਸਾ ਮਧਾਣਾ ਫਿਰਨ ਲਗਾ ਕਿ ਕਥਿਆ ਹੀ ਨਹੀਂ ਜਾਂਦਾ। .... ਚਲੂਲੇ ਰੰਗਾਂ ਵਿਚ ਮਸਤੁਲ-ਮਸਤ, ਬਿਸਮਾਦੀ ਸੁਆਦਾਂ ਦਾ ਗਟਾਕ ਲੈਂਦਾ ਹੋਇਆ, ਮੂਲ ਮੰਤਰ ਦਾ ਪਾਠ ਕਰਾਂ, ਕਰਿ ਕਰਿ ਕੇ ਵਿਸਮਾਦੋਂ ਮਹਾਂ ਬਿਸਮਾਦ ਹੁੰਦਾ ਜਾਵਾਂ।"

(ਜੇਲ੍ਹ ਚਿੱਠੀਆ, ਪੰਨਾ ੬੩)

ਸੋ ਚੜ੍ਹਦੀ ਕਲਾ ਇਕ ਅਵਸਥਾ ਹੈ, ਇਕ ਬਿਜਲਾਣੂ ਅਵਸਥਾ ਹੈ (It is a charged state of the mind) ਜੋ ਨਾਮ ਬਾਣੀ ਨਾਲ ਸੁਰ ਹੋ ਕੇ ਹਰੇਕ ਗੁਰਸਿਖ ਮਾਣ ਸਕਦਾ ਹੈ। ਅਜ ਭੀ ਅਨੇਕਾਂ ਗੁਰੂ ਕੇ ਲਾਲ ਨਿਤ ਨਾਮ ਬਾਣੀ ਦੀ ਕਮਾਈ ਸਦਕਾ ਖੀਵੇ ਹੋ ਹੋ ਜਾਂਦੇ ਹਨ ਤੇ ਸਦਾ ਚੜ੍ਹਦੀਆਂ ਕਲਾ ਵਿਚ ਵਿਚਰਦੇ ਹਨ।

ਚੜ੍ਹਦੀ ਕਲਾ ਦੀਆਂ ਕੁਝ ਇਲਾਮਤਾਂ ਹਨ, ਜਿਨ੍ਹਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਅਵਸਥਾ ਚੜ੍ਹਦੀ ਕਲਾ ਵਾਲੀ ਹੈ। ਸ੍ਰੀ ਜਪੁਜੀ ਸਾਹਿਬ ਦੀ ਬਾਣੀ ਵਿਚ ਚਾਰ ਪਉੜੀਆਂ "ਸੁਣਿਐ" ਦੀਆਂ ਆਉਂਦੀਆਂ ਹਨ। ਹਰ ਪਉੜੀ ਦੇ ਅੰਤ ਵਿਚ ਇਹ ਦੋ ਪੰਗਤੀਆਂ ਹਨ :–

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥

ਭਾਵ ਹੈ, ਨਾਮ-ਰਸੀਏ ਭਗਤ ਜਨਾਂ ਗੁਰਸਿਖਾਂ ਨੂੰ ਅੰਤਰ-ਆਤਮੇ ਸਦਾ ਵਿਗਾਸ ਜਾਂ ਸਦਾ-ਚਾਉ, ਸਦਾ-ਖੇੜਾ ਬਣਿਆ ਰਹਿੰਦਾ ਹੈ। ਉਹਨਾਂ ਦੇ ਮਨ ਅੰਦਰ ਸਧਾਰਨ ਸੰਸਾਰੀ ਮਨੁਖਾਂ ਵਾਂਗ ਦੁਖ ਵਿਚ ਦੁਖੀ ਤੇ ਸੁਖ



www.AKJ.Org

ਵਿਚ ਸੁਖੀ ਹੋਣ ਦੀ ਪਰੰਪਰਾ ਨਹੀਂ ਹੁੰਦੀ। ਉਹ ਦੁਖ ਵਿਚ ਅਤੇ ਸੁਖ ਵਿਚ ਇਕੋ ਰਸ ਰਹਿੰਦੇ ਹਨ। ਭਾਈ ਭਿਖਾਰੀ ਜੀ ਨੂੰ ਭਾਵੇਂ ਅੰਦਰੋਂ ਪਤਾ ਸੀ ਕਿ ਲੜਕੇ ਨੇ ਸ਼ਾਦੀ ਤੋਂ ਤੁਰੰਤ ਬਾਅਦ ਗੁਰਪੁਰੀ ਪਿਆਨੇ ਕਰ ਜਾਣੇ ਹਨ, ਪਰ ਫਿਰ ਭੀ ਉਹਨਾਂ ਨੇ ਕਦੀ ਕਿਸੇ ਨੂੰ ਜ਼ਾਹਰ ਨਹੀਂ ਕੀਤਾ ਅਤੇ ਨਾ ਹੀ ਲੜਕੇ ਦੀ ਮੌਤ ਤੇ ਲੋਕਾ-ਰੀਤ ਅਨੁਸਾਰ ਸੋਗ ਮਨਾਇਆ। ਸਾਖੀ ਵਿਚ ਆਉਂਦਾ ਹੈ ਕਿ ਆਪ ਇਕ ਪਾਸੇ ਲੜਕੇ ਦੀ ਸ਼ਾਦੀ ਦੇ ਪਰਬੰਧ ਲਈ ਉਦਮ ਕਰ ਰਹੇ ਸਨ, ਪਰ ਦੂਜੇ ਪਾਸੇ ਸਾਰਿਆਂ ਤੋਂ ਗੁਪਤ ਮਰਗ ਸਮੇਂ ਤੇ ਪਰਚਾਉਣੀ ਕਰਨ ਆਉਣ ਵਾਲੇ ਲੋਕਾਂ ਲਈ ਭੁੰਜੇ ਵਿਛਾਉਣ ਲਈ ਫੂੜੀ ਬੁਣ ਰਹੇ ਸਨ। ਇਹ ਹੈ ਚੜ੍ਹਦੀ ਕਲਾ। ਇਹ ਹੈ ਜੀਉਂਦੀ ਜਾਗਦੀ ਚੜ੍ਹਦੀ ਕਲਾ, ਜੋ ਮਨੁਖੀ ਮਨ ਨੂੰ ਡੋਲਣ ਨਹੀਂ ਦਿੰਦੀ। ਸੰਸਾਰ ਹੋਰ ਤਰ੍ਹਾਂ ਸੋਚਦਾ ਹੈ ਤੇ ਕਰਦਾ ਹੈ। ਚੜ੍ਹਦੀ ਕਲਾ ਵਾਲੇ ਦੀ ਸੁਰਤਿ ਸਾਈਂ ਨਾਲ ਸੁਰ ਹੁੰਦੀ ਹੈ, ਉਸਦੀ ਕਹਿਣੀ ਤੇ ਕਰਣੀ ਸੰਸਾਰਕ ਨਹੀਂ ਹੁੰਦੀ। ਨਾਮ ਬਾਣੀ ਦਾ ਆਪਣਾ ਰਸ ਹੈ। ਉਸ ਰਸ ਦੇ ਮੁਕਾਬਲੇ ਸੰਸਾਰ ਦੇ ਰਸ-ਕਸ ਫਿਕੇ ਫਿਕੇ ਲਗਦੇ ਹਨ। ਭਲਾ ਕੋਈ ਸਦਾ-ਵਿਗਾਸ ਨੂੰ ਫਿਕੇ ਰਸਾਂ ਖ਼ਾਤਰ ਛੱਡੇ ਤਾਂ ਕਿਉਂ ਛੱਡੇ ?

ਹਰਿ ਰਸ ਕੇ ਮਾਤੇ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ਰਹਾਉ॥

[ਆਸਾ ਮ: ੫, ਪੰਨਾ ੩੭੭

ਅਤੇ—ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹੁ ਰਸੁ ਨਹੀ ਭਾਵਾ ॥੩੫॥

[ਗਉੜੀ ਬਾਵਨ ਅਖਰੀ ਕਬੀਰ ਜੀ, ਪੰਨਾ ੩੪੨

ਪਰ ਇਸ ਦੇ ਉਲਟ ਜੇ ਮਨ ਅਜੇ ਫਿਕੇ ਰਸਾਂ ਵਲ ਜਾਂਦਾ ਹੈ, ਤੇ ਸਦਾ-ਵਿਗਾਸ ਵਲੋਂ ਜੀਅ ਚੁਰਾਉਂਦਾ ਹੈ ਤਾਂ ਇਹ ਨਿਸਚੇ ਹੈ ਕਿ ਅਵਸਥਾ ਚੜ੍ਹਦੀ ਕਲਾ ਦੀ ਬਜਾਏ ਢਹਿੰਦੀ ਕਲਾ ਵਲ ਜਾ ਰਹੀ ਹੈ। ਦੁਨੀਆ ਭੁਲੀ ਫਿਰਦੀ ਹੈ। ਹੁਣ ਦੇ ਵਰਤੇ ਘਲੂਘਾਰੇ ਤੋਂ ਪਤਾ ਚਲਦਾ ਹੈ ਕਿ "ਸਦਾ-ਵਿਗਾਸ" ਦੀ ਥਾਂ "ਸਦਾ ਉਦਾਸ" ਨੇ ਲਈ ਜਾਪਦੀ ਹੈ, ਜਿਸ ਤੋਂ ਹੁਣ ਸਾਵਧਾਨ ਹੋਣ ਦੀ ਅਤਿ ਲੋੜ ਹੈ। ਸਦਾ-ਵਿਗਾਸ ਲਈ (ਗੁਰਮਤਿ ਡਿਸਿਪਲਿਨ) ਗੁਰਮਤਿ ਰਹਿਤ-ਰਹਿਣੀ ਤੇ ਨਾਮ ਬਾਣੀ ਦੇ ਅਭਿਆਸ ਦੀ ਲੋੜ ਹੈ।

ਚੜ੍ਹਦੀ ਕਲਾ ਦੀ ਦੂਜੀ ਨਿਸ਼ਾਨੀ ਹੈ ਆਤਮਕ ਅਡੋਲਤਾ। ਰਚਣਹਾਰ ਕਰਤਾਰ ਨੇ ਸੰਸਾਰ ਨੂੰ ਇਕ ਬੜੇ ਵੱਡੇ ਆਕਾਰ ਦੇ ਡਰਾਮੇ ਦਾ ਰੂਪ ਦੇ ਰਖਿਆ ਹੈ। ਇਸ ਵਿਚ ਭਰਮ ਭੁਲੇਖੇ ਪੈਰ ਪੈਰ ਤੇ ਪਾਏ ਹੋਏ ਹਨ। ਭਗਤ ਨਾਮਦੇਵ ਜੀ ਨੇ ਬੜੇ ਸੋਹਣੇ ਸ਼ਬਦਾਂ ਵਿਚ ਇਸ ਭੁਲੇਖੇ ਦਾ ਸੰਕੇਤ ਦਿਤਾ ਹੈ—

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ਰਹਾਉ॥

[ਸੋਰਠਿ ਰਵਿਦਾਸ ਜੀ, ਪੰਨਾ ੬੫੭]

ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥
ਭ੍ਰਮ ਕਾਟੇ ਗੁਰਿ ਆਪਣੈ, ਪਾਏ ਬਿਸਰਾਮਾ ॥੧॥ [ਆਸਾ ਮ: ੫, ਪੰਨਾ ੪੦੦]

ਦਸਮੇਸ਼ ਜੀ ਨੇ ਜਗਤ ਨੂੰ ਤਮਾਸ਼ਾ ਹੀ ਤਾਂ ਕਿਹਾ ਹੈ—

ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸ਼ਾ ॥੩੩॥

[ਬਚਿਤ੍ਰ ਨਾਟਕ, ਧਿਆਇ ੬]

ਜਗਤ-ਤਮਾਸ਼ੇ ਵਿਚ ਡੋਲਣਾ ਆਮ ਗੱਲ ਹੈ। ਹਰੇਕ ਪ੍ਰਾਣੀ ਡੱਕੇ ਡੋਲੇ ਖਾਂਦਾ ਹੋਇਆ ਜੋਬਨ ਹਾਰ ਕੇ, ਮਾਣਸ ਜਨਮ ਹਾਰ ਕੇ ਇਸ ਸੰਸਾਰ ਦੀ ਯਾਤਰਾ ਪੂਰੀ ਕਰ ਰਿਹਾ ਹੈ। ਗੁਰਬਾਣੀ ਸਿਖ ਨੂੰ ਪ੍ਰਭੂ ਅਗੇ ਡੋਲਣ ਤੋਂ ਬਚਾਅ ਲਈ ਅਰਦਾਸ ਕਰਨੀ ਸਿਖਾਉਂਦੀ ਹੈ—

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥



www.AKJ.Org

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥੨੯॥

[ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬

ਆਤਮਕ ਪੰਧ ਦਾ ਪਾਂਧੀ ਜਿੰਨਾ ਚਿਰ ਚੜ੍ਹਦੀ ਕਲਾ ਦੀ ਅਵਸਥਾ ਦਾ ਰੰਗ ਨਹੀਂ ਮਾਣਦਾ, ਉਹ ਡੋਲ ਸਕਦਾ ਹੈ। ਮਾਇਆ ਦੇ ਕਈ ਪ੍ਰਕਾਰ ਦੇ ਛਲਾਵੇ ਹਨ, ਉਹ ਕਿਸੇ ਦਾ ਸ਼ਿਕਾਰ ਹੋ ਸਕਦਾ ਹੈ। ਪੰਜੇ ਕਾਮਾਦਿਕ ਹੀ ਸਾਹ ਨਹੀਂ ਲੈਣ ਦਿੰਦੇ। ਪਰ ਚੜ੍ਹਦੀ ਕਲਾ ਤੇ ਫਿਰ ਉਸਦੇ ਨਾਲ ਨਾਲ ਗੁਰੂ ਪਾਤਸ਼ਾਹ ਦੀ ਕਿਰਪਾ-ਦ੍ਰਿਸ਼ਟੀ ਪ੍ਰਾਣੀ ਨੂੰ ਡਗਮਗਾਉਣ ਤੋਂ ਬਚਾਈ ਰਖਦੀ ਹੈ। ਭਗਤ ਕਬੀਰ ਜੀ ਨੂੰ ਵੇਲੇ ਦੇ ਹਾਕਮ ਨੇ ਜ਼ੰਜੀਰਾਂ ਨਾਲ ਜਕੜ ਕੇ ਗੰਗਾ ਵਿਚ ਸੁਟ ਦਿਤਾ। ਪਰ ਇਸ ਪਸਰ ਰਹੇ ਮਾਇਆ ਜਾਲ ਵਿਚ ਇਕ ਅਧਿਭੁਤ ਕ੍ਰਿਸ਼ਮਾ ਵਰਤਿਆ, ਜ਼ੰਜੀਰਾਂ ਟੁਟ ਗਈਆਂ, ਦਰਿਆ ਦੇ ਪਾਣੀ-ਤਲ ਤੇ ਕਬੀਰ ਜੀ ਮ੍ਰਿਗਛਾਲਾ ਤੇ ਬੈਠੇ ਦਿਖਾਈ ਦਿਤੇ ਤੇ ਇਉਂ ਕਹਿ ਰਹੇ ਸਨ, ਹਾਕਮ ਦੇ ਕਰਿੰਦਿਆਂ ਨੂੰ :—

ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ਰਹਾਉ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥
ਕਹਿ ਕਬੀਰ ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥

[ਭੈਰਉ ਕਬੀਰ ਜੀ—੧੧੬੨]

ਇਥੇ ਕਬੀਰ ਜੀ ਇਕ ਡੂੰਘੀ ਵਿਚਾਰ ਸਾਹਮਣੇ ਰਖ ਰਹੇ ਹਨ ਕਿ ਤਨ ਦੇ ਕੰਬਣ ਤੋਂ ਪਹਿਲਾਂ ਮਨ ਕੰਬਦਾ ਹੈ। ਤਨ ਦੇ ਡੋਲਵੇਂ ਆਚਰਣ ਵਿਚ ਫਿਸਲਣ ਤੋਂ ਪਹਿਲਾਂ ਹਮੇਸ਼ਾ ਮਨ ਹੀ ਡੋਲਦਾ ਹੈ। ਪਰ ਜੇ ਮਨ ਨ ਡੋਲੇ ਤਾਂ ਤਨ ਕਦੀ ਵੀ ਅੰਦਰਲੀ ਡੋਲ ਨੂੰ ਪਰਗਟ ਨਹੀਂ ਕਰਦਾ। ਕਬੀਰ ਜੀ ਡੋਲੇ ਨਾ, ਸਗੋਂ ਚੜ੍ਹਦੀ ਕਲਾ ਵਿਚ ਅਡੋਲ ਰਹੇ। ਭਰਮ-ਡਰਾਵਾ ਨਿਰੰਕਾਰੀ ਕਲਾ ਦੁਆਰਾ ਟੁਟ ਗਿਆ। ਕਬੀਰ ਜੀ ਕਹਿੰਦੇ ਹਨ ਕਿ ਜੇ ਮੇਰਾ ਮਨ ਨਹੀਂ ਡਰ ਰਿਹਾ ਅਤੇ ਮੇਰੀ ਸੁਰਤਿ ਕਰਤੇ ਪੁਰਖ ਦੇ ਚਰਨਾਂ ਵਿਚ ਜੁੜੀ ਹੋਈ ਹੈ ਤਾਂ ਤਨ ਨੂੰ ਤਸੀਹਿਆਂ ਦਾ ਡਰ ਦੇਣ ਦਾ ਕੀ ਲਾਭ ?

ਇਉਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਉਮਰ ਕੈਦ ਦੇ ਦੌਰਾਨ ਅਕਹਿ ਤੇ ਅਸਹਿ ਕਸ਼ਟ ਦਿਤੇ ਗਏ, ਪਰ ਗੁਰੂ ਕਿਰਪਾ ਨਾਲ ਸੁਰਤਿ ਜੋੜੀ ਰਖਣ ਸਦਕਾ ਉਹ ਡੋਲੇ ਨਹੀਂ। ਨਾਗਪੁਰ ਜੇਲ੍ਹ ਦਾ ਜ਼ਿਕਰ ਹੈ ਜਿਥੇ ਆਪ ਜੀ ਨੂੰ ਜਬਰੀ ਖ਼ੁਰਾਕ ਦੇਣ ਦਾ ਜਤਨ ਕੀਤਾ ਗਿਆ, ਦੰਦ ਤੇ ਦਾੜ੍ਹਾਂ ਭੀ ਤੋੜੀਆਂ ਗਈਆਂ, ਪਰ ਆਪ ਗੁਰੂ ਕਿਰਪਾ ਨਾਲ ਅਡੋਲ ਰਹੇ। ਇਸ ਵਾਰਤਾ ਨੂੰ ਜੇਲ੍ਹ ਚਿੱਠੀਆਂ ਵਿਚੋਂ ਪੜ੍ਹ ਕੇ ਦੰਗ ਰਹਿ ਜਾਈਦਾ ਹੈ। ਅਡੋਲਤਾ ਤਾਂ ਹੀ ਪ੍ਰਾਪਤ ਹੁੰਦੀ ਹੈ ਜੇਕਰ ਸੁਰਤਿ ਦੀ ਡੋਰੀ ਨਾਲ ਕਸਵੀਂ ਜੁੜੀ ਹੋਵੇ। ਇਉਂ ਗੁਰਬਾਣੀ ਅੰਦਰ, ਭਗਤ ਪ੍ਰਹਿਲਾਦ ਅਤੇ ਭਗਤ ਨਾਮਦੇਵ ਉਤੇ ਭਰਮ-ਡਰਾਵੇ ਦੇ ਚਕਰ ਚਲਾਏ ਗਏ ਦਾ, ਜੋ ਜ਼ਿਕਰ ਆਉਂਦਾ ਹੈ, ਅਤੇ ਦਰਸਾਇਆ ਗਿਆ ਹੈ ਕਿ ਇਹ ਦੋਵੇਂ ਭਗਤ ਜਨ ਅਤਿ ਕਰੜੇ ਡਰਾਵਿਆਂ ਵਿਚ ਭੀ ਅਡੋਲ ਰਹੇ। ਭਗਤ ਪ੍ਰਹਿਲਾਦ ਦੇ ਪਿਤਾ ਹਰਨਾਕਸ਼ ਦਾ ਪ੍ਰਭੂ ਨੇ ਨਰਸਿੰਘ ਰੂਪ ਧਾਰ ਕੇ ਨਾਸ ਕੀਤਾ, ਅਤੇ ਨਾਮਦੇਵ ਜੀ ਲਈ ਜਿਥੇ ਮੋਈ ਗਊ ਜੀਉਂਦੀ ਕੀਤੀ ਉਥੇ ਹਾਥੀ ਅਗੇ ਬੰਨ੍ਹ ਕੇ ਸੁਟੇ ਗਏ ਭਗਤ ਨਾਮਦੇਵ ਦੀ ਰੱਖਿਆ ਕੀਤੀ ਗਈ। ਇਥੋਂ ਸਿਖ ਨੂੰ ਦ੍ਰਿੜ੍ਹ ਹੁੰਦਾ ਹੈ ਕਿ ਜਗਤ ਤਮਾਸ਼ਾ ਹੈ। ਇਸ ਤਮਾਸ਼ੇ ਵਿਚ ਸੁਖ ਅਤੇ ਦੁਖ, ਖੁਸ਼ੀ ਅਤੇ ਗ਼ਮੀ, ਡਰ ਭੈ ਅਤੇ ਹਕੂਮਤ ਦਾ ਨਸ਼ਾ ਸਭ ਕੁਝ ਇਕ ਤਕੜੇ ਭੁਲੇਖੇ ਵਜੋਂ ਪਸਰ ਰਿਹਾ ਹੈ। ਭਾਈ ਗੁਰਦਾਸ ਜੀ ਭੀ ਗਵਾਹੀ ਭਰਦੇ ਹਨ—

ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ ॥ [ਵਾਰ ੩੫, ਪਉੜੀ ੨੩]

ਭਾਵ ਇਸ ਸੰਸਾਰ ਅੰਦਰ ਸਾਂਗ (ਤਮਾਸ਼ਾ) ਵਰਤ ਰਿਹਾ ਹੈ। ਪਰ ਉਹੀ ਪਾਰ ਲੰਘਦਾ ਹੈ ਜਿਸ ਤੇ ਗੁਰੂ ਪਾਤਸ਼ਾਹ ਦੀ ਕਿਰਪਾ ਹੋਵੇ।

[ਚਲਦਾ]



www.AKJ.Org

*ਚੜ੍ਹਦੀ ਕਲਾ ਦੇ ਪ੍ਰਤੀਕ*

# ਖਾਲਸਈ ਬੋਲੇ

[ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ]

ਸਿੱਖ ਚਰਿਤ੍ਰ ਦਾ ਮੁਖ ਲੱਛਣ—ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਹੈ। ਜੋ ਰੱਬੀ ਸਿਦਕ ਆਸਰੇ ਆਪਣੀ ਆਤਮਿਕ ਅਵਸਥਾ ਨੂੰ ਉਚਾ ਨਹੀਂ ਰਖ ਸਕਦਾ ਤੇ ਸਰਬੱਤ ਦੇ ਭਲੇ ਲਈ ਕੀਤੀ ਜਾ ਰਹੀ ਸੇਵਾ ਦੇ ਕਰਤੱਵ ਨੂੰ ਨਹੀਂ ਨਿਭਾ ਸਕਦਾ, ਉਹ ਪੂਰਨ ਸਿੱਖ ਕਹਿਲਾਉਣ ਦਾ ਅਧਿਕਾਰੀ ਨਹੀਂ। ਗੁਰਸਿੱਖ ਦਾ ਕਿਰਦਾਰ ਦੁਖ ਸੁਖ ਨੂੰ ਇਕ-ਸਾਰ ਮੰਨ ਕੇ ਤਿਆਰ-ਬਰ-ਤਿਆਰ ਰਹਿਣਾ ਹੈ। ਉਸ ਲਈ ਜਿੱਤ ਹਾਰ ਅਤੇ ਪੱਤਝੜ ਤੇ ਬਹਾਰ ਇਕ ਬਰਾਬਰ ਹੈ। ਉਹ ਦੁੱਖ ਵਿਚ ਸੁਖ ਮਨਾਉਂਦਾ ਹੋਇਆ ਵੀ ਸਭ ਦਾ ਭਲਾ ਕਮਾਉਂਦਾ ਹੈ।

ਗੁਰੂ ਤੇਗ ਬਹਾਦਰ ਜੀ ਨੇ ਫੁਰਮਾਇਆ ਸੀ ਕਿ—

> "ਸੱਚਾ ਸਿੱਖ ਉਹ ਹੈ ਜੋ ਦੁੱਖ ਵਿਚ, ਦੁਖ ਨ ਮੰਨਦਾ ਹੋਵੇ ਤੇ ਨਿਜੀ ਸੁਖ ਦੀ ਜਿਸ ਨੂੰ ਕੋਈ ਪਕੜ ਨ ਹੋਵੇ। ਨਿੰਦਾ-ਉਸਤਤਿ, ਖੁਸ਼ੀ-ਗ਼ਮੀ, ਮਿੱਟੀ-ਸੋਨਾ ਤੇ ਫਕੀਰੀ ਅਮੀਰੀ ਵਿਚ ਉਸ ਨੂੰ ਕੋਈ ਫਰਕ ਨਹੀਂ ਹੁੰਦਾ। ਉਹ ਮਾੜੀ ਹਾਲਤ ਵਾਪਰਨ ਤੇ ਵੀ ਚੰਗੀ ਅਵਸਥਾ ਵਿਚ ਵਿਚਰਦਾ ਹੈ। ਉਹ ਮੁਸ਼ਕਲਾਂ ਤੇ ਮੁਸੀਬਤਾਂ ਨੂੰ ਦੇਖ ਕੇ ਮੁਸਕ੍ਰਾਉਂਦਾ ਅਤੇ ਮੌਤ ਨਾਲ ਮਜ਼ਾਕਾਂ ਕਰਦਾ ਪੇਸ਼ ਆਉਂਦਾ ਹੈ।"

ਆਖ਼ਰੀ ਸਮੇਂ ਬੰਦਾ ਬਹਾਦਰ ਨੂੰ ਮੁਗ਼ਲ ਬਾਦਸ਼ਾਹ ਨੇ ਪੁਛ ਭੇਜਿਆ ਸੀ ਕਿ ਤੈਨੂੰ ਕਿਸ ਕਿਸਮ ਦੀ ਮੌਤ ਪਸੰਦ ਹੈ? ਤਾਂ ਬਾਬੇ ਬੰਦੇ ਦਾ ਜਵਾਬ ਸੀ—

> "ਜਿਸ ਤਰ੍ਹਾਂ ਦੀ ਮੌਤ ਤੁਸੀਂ ਆਪਣੇ ਲਈ ਪਸੰਦ ਕਰਦੇ ਹੋ।"

ਇਸ ਤਰ੍ਹਾਂ ਸੱਚੇ ਸਿੱਖ ਦਾ ਵਤੀਰਾ ਸਦਾ ਚੜ੍ਹਦੀਆਂ ਕਲਾਂ ਵਾਲਾ ਹੁੰਦਾ ਹੈ। ਉਹ ਕਦੀ ਭੈਭੀਤ ਨਹੀਂ ਹੁੰਦਾ, ਡੋਲਦਾ ਨਹੀਂ। ਉਸ ਦੀ ਉਚੀ ਸੁਰਤਿ ਤੇ ਉਸ ਦੇ ਬੋਲ ਤੋਲ, ਤੋਲ ਕੇ ਦੱਸਦੇ ਹਨ ਕਿ ਉਹ ਜ਼ਿੰਦਗੀ ਨਾਲ ਚੋਹਲ ਕਰਦਾ ਹੈ। ਉਹ ਕਦੀ ਇਕੱਲਾ ਨਹੀਂ ਹੁੰਦਾ, ਸਵਾ ਲੱਖ ਕਹਾਉਂਦਾ ਹੈ। ਜੇ ਕਦੀ ਇਕੱਲਾ ਵੀ ਵਿਚਰੇ ਤਾਂ 'ਫ਼ੌਜਾਂ ਆਈਆਂ' ਫੁਰਮਾਉਂਦਾ ਹੈ। ਜੇ ਉਹ ਜ਼ਿੰਦਗੀ ਦਾ ਸਫ਼ਰ ਮੁਕਾਅ ਕੇ ਇਥੋਂ ਵਿਦਾਇਗੀ ਪਾਉਂਦਾ ਹੈ ਤਾਂ ਉਸ ਨੂੰ 'ਫ਼ਤਹ ਗਜਾਉਂਦਾ' ਜਾਂ 'ਚੜ੍ਹਾਈ ਕਰਦਾ' ਹੀ ਦਸਿਆ ਜਾਂਦਾ ਹੈ। ਉਹ ਕਦੀ ਮਰਦਾ ਨਹੀਂ, ਕਿਉਂਕਿ ਉਹ ਰਾਤ ਦਿਨ ਇਹੋ ਗਾਉਂਦਾ ਹੈ—

> "ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥ (੩੨੫)

ਜਦੋਂ ਭਾਈ ਸੁਬੇਗ ਸਿੰਘ ਤੇ ਸ਼ਹਿਬਾਜ਼ ਸਿੰਘ (ਪਿਉ ਪੁੱਤਰ) ਨੂੰ ਲਾਹੌਰ ਇਕੱਠਿਆਂ ਚਰਖੜੀ ਚਾੜ੍ਹਨ ਲਗੇ ਤਾਂ ਕਾਜ਼ੀ ਨੇ ਕਿਹਾ :—

> "ਤੁਸੀਂ ਤਾਂ ਉਮਰ ਖਾਧੀ ਹੋਈ ਹੈ, ਇਸ ਆਪਣੇ ਬੱਚੇ ਨੂੰ ਤਾਂ ਬਚਾਅ ਲਓ ਤਾਂ ਕਿ ਕੁਲ ਦਾ ਨਿਸ਼ਾਨ ਬਾਕੀ ਰਹੇ।"

ਭਾਈ ਸੁਬੇਗ ਸਿੰਘ ਦਾ ਜਵਾਬ ਬੜਾ ਸਾਫ਼ ਸੀ ਕਿ—

> "ਸਾਡੇ ਸਤਿਗੁਰਾਂ ਸਾਡੀ ਹੀ ਖ਼ਾਤਰ ਸਰਬੰਸ ਵਾਰ ਛਡਿਆ ਹੈ, ਹੁਣ ਅਸਾਂ ਇਹ ਬੰਸ ਜਾਂ ਕੁਲ ਕਾਹਦੇ ਲਈ ਰੱਖਣੀ ਹੈ?"

"ਸਿਖਨ ਕਾਜ ਸੁ ਗੁਰੂ ਹਮਾਰੇ ॥ ਸੀਸ ਦੀਓ ਨਿਜ ਸਣ ਪਰਿਵਾਰੇ ॥
ਹਮ ਕਾਰਣ ਗੁਰ ਕੁਲਹਿ ਗਵਾਈ ॥ ਹਮ ਕੁਲ ਰਾਖਹਿ ਕਉਣ ਬਡਾਈ ॥

(ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ)



www.AKJ.org

ਇਸ ਤਰ੍ਹਾਂ ਸਦਾ ਨਿਰਭੈ ਤੇ ਨਿਰਵੈਰ ਹੋ ਕੇ ਸਿੱਖ—ਮਨ, ਬਾਣੀ, ਕਰਮ ਕਰਕੇ—ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਉਹ ਮਨ ਚਿਤ ਕਰਕੇ ਅਕਾਲ ਪੁਰਖ ਨੂੰ ਧਿਆਉਂਦਾ ਤੇ ਅੰਦਰਲੀ ਜੋਤਿ ਨੂੰ ਜਗਾਉਂਦਾ ਹੈ ਤਾਂ ਕਿ ਆਤਮ-ਸਨਮਾਨ, ਅਸਮਾਨ ਨੂੰ ਛੂੰਹਦਾ ਰਹੇ, ਤੇ ਫਿਰ ਕਰਮ ਜਾਂ ਅਮਲਾਂ ਕਰਕੇ ਨਿਮਾਣਾ ਹੋ ਕੇ ਸਰਬੱਤ ਦਾ ਭਲਾ ਕਮਾਉਂਦਾ ਹੈ ਤਾਂ ਕਿ ਕਿਸੇ ਤਰ੍ਹਾਂ ਦਾ ਕੋਈ ਗੁਮਾਨ ਪੈਦਾ ਹੀ ਨ ਹੋਵੇ। ਇਸ ਤਰ੍ਹਾਂ ਦੇ ਉਚੀ ਸੁਰਤਿ ਤੇ ਉਚੀ ਸੁਚੀ ਕਿਰਤ ਵਾਲੇ ਪੁਰਖ ਦੀ ਬੋਲ ਬਾਣੀ ਵੀ ਉਚੀ ਸੁਚੀ ਹੁੰਦੀ ਹੈ। ਉਹ ਕਦੀ ਢਹਿੰਦੀ ਕਲਾ ਵਲ ਜਾਂਦੀ ਹੀ ਨਹੀਂ। ਖਾਲਸੇ ਦੇ ਗੜਗੱਜ ਬੋਲੇ ਇਸੇ ਬਿਰਤੀ ਦੇ ਸੂਚਕ ਹਨ। ਉਹ ਜਿਥੇ ਸੂਰਬੀਰ ਸਿੰਘਾਂ ਦੇ ਉਚੇ ਕਿਰਦਾਰ ਦੀ ਨੁਹਾਰ ਪੇਸ਼ ਕਰਦੇ ਹਨ, ਉਥੇ ਇਹ ਵੀ ਜ਼ਾਹਰ ਹੈ ਕਿ ਉਨ੍ਹਾਂ ਵਿਚ ਪੁਰਖ ਸੁਭਾ ਦੀ ਪਰਧਾਨਤਾ ਹੈ। ਖੁਸ਼ੀ ਨੂੰ ਖੁਸ਼ਾ, ਹੋਲੀ ਨੂੰ ਹੋਲਾ ਤੇ ਬੋਲੀ ਨੂੰ ਬੋਲਾ ਕਹਿਣਾ ਉਨ੍ਹਾਂ ਦੇ ਸੁਭਾਵਕ ਬਚਨ-ਬਿਲਾਸ ਦਾ ਅੰਗ ਹੈ। ਫਿਰ ਕਦੀ ਉਨ੍ਹਾਂ ਨੂੰ ਕਿਸੇ ਊਣਤਾਈ ਜਾਂ ਕਮਤਰੀ ਦਾ ਅਹਿਸਾਸ ਨਹੀਂ, ਸਗੋਂ ਭਿਆਨਕ ਔਕੜਾਂ ਤੇ ਕਹਿਰ ਦੀਆਂ ਬੁੜਾਂ ਦੇ ਬਾਵਜੂਦ ਵੀ ਉਨ੍ਹਾਂ ਦੀ ਚੜ੍ਹਦੀ ਕਲਾ ਬਰਕਰਾਰ ਹੀ ਦਿਸਦੀ ਹੈ।

**ਜਨਮ ਕਾਲ—**

ਖਾਲਸਈ ਬੋਲਿਆਂ ਦਾ ਜਨਮ-ਕਾਲ ਅਠਾਰ੍ਹਵੀਂ ਸਦੀ ਦਾ ਭਿਅੰਕਰ ਸਮਾਂ ਹੈ, ਜਦੋਂ ਦਿੱਲੀ ਦੀ ਮੁਗਲ ਸਰਕਾਰ ਸਿਖਾਂ ਦਾ ਹਰ ਤਰ੍ਹਾਂ ਸ਼ਿਕਾਰ ਕਰਨ ਉਤੇ ਤੁਲੀ ਹੋਈ ਸੀ, ਚੂੰਕਿ ੧੦ ਦਸੰਬਰ ੧੭੧੦ ਈ: ਦਾ ਸ਼ਾਹੀ ਫੁਰਮਾਨ ਸੀ ਕਿ ਜਿਥੇ ਵੀ ਕੋਈ ਨਾਨਕ ਨਾਮ ਲੇਵਾ ਮਿਲੇ, ਉਸ ਨੂੰ ਜਾਨੋਂ ਮਾਰ ਦਿਓ—

'ਨਾਨਕ ਪ੍ਰਸਤਾਂ ਰਾ ਹਰ ਜਾ ਕਿ ਬਾਯਾਬੰਦ, ਬ ਕਤਲ ਰਸਾਨੰਦ।'

(ਅਖ਼ਬਾਰਿ ਦਰਬਾਰਿ ਮੁਅੱਲਾ)

ਇਹ ਫੁਰਮਾਨ ਅਗਲੇ ੪੦—ਹਰ ਸਾਲ ਦਿੱਲੀ ਲਾਹੌਰ ਤੱਕ ਦੂਰ ਦੂਰ ਚਲਦਾ ਰਿਹਾ।

ਦੂਜੇ ਪਾਸੇ ਬਾਹਰੋਂ ਕਾਬਲ ਵਲੋਂ ਅਬਦਾਲੀ ਦੀ ਕਮਾਨ ਹੇਠ ਪਠਾਣ ਚੜ੍ਹ ਚੜ੍ਹ ਆ ਰਹੇ ਤੇ ਪੰਜਾਬ ਨੂੰ ਤਬਾਹੀ ਦੇ ਮੂੰਹ ਪਾ ਰਹੇ ਸਨ। ਇਸ ਹਾਲਤ ਵਿਚ ਸਿੱਖ ਨਗਰਾਂ ਬਸਤੀਆਂ ਵਿਚ ਨਹੀਂ ਸੀ ਰਹਿ ਸਕਦੇ, ਕਿਉਂਕਿ ਉਨ੍ਹਾਂ ਦੇ ਇਨਕਲਾਬੀ ਵਿਚਾਰ ਤੇ ਅਮਲ ਸਰਕਾਰ ਲਈ ਅਸਹਿ ਸਨ ਤੇ ਸਰਕਾਰੀ ਨਜ਼ਰਾਂ ਵਿਚ ਉਹ ਇਕ ਪਰਕਾਰ ਦੇ ਭਾਰੀ ਮੁਜਰਮ ਤੇ ਅਤਿਵਾਦੀ ਸਨ। **ਅਤਿਵਾਦੀ ਉਹ ਹੁੰਦਾ ਹੈ ਜੋ ਸਥਾਪਤ ਰਾਜ-ਪ੍ਰਬੰਧ ਨੂੰ ਸ਼ਸਤਰ ਲੈ ਕੇ ਵੰਗਾਰਦਾ ਤੇ ਹੇਠਲੀ ਉਤੇ ਕਰਨ ਦਾ ਨਿਸਚਾ ਧਾਰਦਾ ਹੈ। ਜੇ ਉਹ ਕਾਮਯਾਬ ਹੋ ਜਾਵੇ ਤੇ ਰਾਜ-ਭਾਗ ਦੀ ਵਾਗ-ਡੋਰ ਹਥਿਆ ਲਵੇ ਤਾਂ ਉਹੋ ਕ੍ਰਾਂਤੀਕਾਰੀ ਤੇ ਸੱਚਾ ਦੇਸ਼-ਭਗਤ ਕਹਾਉਂਦਾ ਹੈ, ਨਹੀਂ ਤਾਂ ਉਸ ਨੂੰ 'ਅਤਿਵਾਦੀ' ਜਾਂ 'ਉਗਰਵਾਦੀ'** ਕਹਿ ਕੇ ਭੰਡਿਆ ਜਾਂਦਾ ਹੈ।

ਜ਼ਾਰ ਦੀ ਨਿਗਾਹ ਵਿਚ ਬਾਲਸ਼ਵਿਕ ਅਤਿਵਾਦੀ ਸਨ, ਫ਼ਰਾਂਸੀਸੀ ਇਨਕਲਾਬੀ ਵੀ ਇਸੇ ਸ਼ਰੇਣੀ ਦੇ ਸਨ, ਪਰ ਜਦ ਉਹ ਕ੍ਰਾਂਤੀ ਲਿਆਉਣ ਵਿਚ ਕਾਮਯਾਬ ਹੋ ਗਏ ਤਾਂ ਉਹੋ ਮਹਾਨ ਦੇਸ਼ ਭਗਤ ਕ੍ਰਾਂਤੀਕਾਰੀ ਕਹਿਲਾਏ। ਫਿਰੰਗੀ ਨਜ਼ਰਾਂ ਵਿਚ ਸ: ਭਗਤ ਸਿੰਘ, ਸ: ਕਰਤਾਰ ਸਿੰਘ ਸਰਾਭਾ ਤੇ ਸ: ਊਧਮ ਸਿੰਘ—ਸਭੇ ਅਤਿਵਾਦੀ, ਆਤੰਕਵਾਦੀ ਜਾਂ ਬਦਨਾਮ ਬਾਗੀ ਲੋਕ ਸਨ, ਪਰ ਸਾਡੇ ਲਈ ਅੱਜ ਇਹੋ ਭਾਰਤ ਮਾਤਾ ਦੇ ਸੱਚੇ ਸਪੂਤ ਹਨ, ਜਿਨ੍ਹਾਂ ਜਾਨ ਤਲੀ ਤੇ ਰੱਖ ਕੇ ਇਨਕਲਾਬ ਦਾ ਰਸਤਾ ਸਾਫ਼ ਕੀਤਾ। ਸੋ ਇਹ ਕਾਮਯਾਬੀ ਤੇ ਨਕਾਮਯਾਬੀ ਦੀ ਇਕ ਨਿੱਕੀ ਜਿਹੀ ਲੀਕ ਹੈ ਜੋ ਅਤਿਵਾਦੀ ਤੇ ਕ੍ਰਾਂਤੀਵਾਦੀ ਵਿਚ ਭੇਦ ਕਰਦੀ ਹੈ।

ਸੰਗ੍ਰਾਮੀਏ ਸਿੰਘਾਂ ਨੂੰ ਅਜੇ ਰਾਜ-ਭਾਗ ਨਹੀਂ ਸੀ ਮਿਲਿਆ, ਇਸ ਕਰਕੇ ਉਹ 'ਅਤਿਵਾਦੀ ਕਾਫ਼ਰ' ਕਹਿ ਕੇ ਹੀ ਦੁਰਕਾਰੇ ਜਾਂਦੇ ਸਨ ਤੇ ਬਸਤੀਆਂ ਵਿਚ ਤਾਂ ਉਹ ਉੱਕਾ ਹੀ ਨਹੀਂ ਸਨ ਆ ਸਕਦੇ। ਵਾਰਸ ਸ਼ਾਹ ਏਸ ਸਿੱਖ-ਸਮੂਹ ਨੂੰ 'ਭੂਤ ਮੰਡਲੀ' ਕਹਿ ਕੇ ਯਾਦ ਕਰਦਾ ਹੈ। ਇਸ ਕਰਕੇ ਉਹਨਾਂ ਦਾ ਵਾਸਾ ਪੰਜਾਬ ਦੇ ਘਣੇ-ਜੰਗਲ, ਪਹਾੜ ਸਨ ਜਾਂ ਮਾਲਵੇ ਦਾ ਮਾਰੂ ਥਲ। ਅਜਿਹੀਆਂ ਮੁਸੀਬਤਾਂ ਦੇ ਜ਼ਮਾਨੇ ਤੇ ਅਜਿਹੇ ਘੋਰ ਜੰਗਲਾਂ ਵਿਚ ਹੀ


www.AKJ.Org

ਸੰਗ੍ਰਾਮੀਆਂ ਦੀ ਜ਼ਬਾਨ ਤੋਂ ਖਾਲਸੇ ਦੇ ਗੜਗੱਜ ਬੋਲਿਆਂ ਦਾ ਜਨਮ ਹੋਇਆ। ਕੋਈ ਵੀ ਹੁਸੀਨ ਨਿਪੁੰਸਕਤਾ ਵਿਚੋਂ ਨਹੀਂ ਪਰਗਟ ਹੁੰਦਾ, ਹਰ ਸੌਂਦ੍ਰਯ ਜਨਮ-ਪੀੜ ਦਾ ਮੁਹਤਾਜ ਹੈ। ਖਾਲਸਈ ਬੋਲਿਆਂ ਦੇ ਰਤਨ ਜਵਾਹਰ ਮਾਣਕ ਵੀ ਸੰਕਟ-ਕਾਲੀਨ ਸਾਗਰ ਦੇ ਜੁਆਰ ਭਾਟੇ ਦਾ ਉਛਾਲ ਹਨ, ਉਹ ਸੰਕਟ, ਜਿਸ ਨੇ ਸਿੱਖਾਂ ਦਾ ਨੱਕ ਦਮ ਕਰ ਰੱਖਿਆ ਸੀ।

ਉਹਨਾਂ ਪਾਸ ਸਾਧਾਰਨ ਰਹਿਣੀ-ਬਹਿਣੀ ਤੇ ਖਾਣ-ਪੀਣ ਦੇ ਮਾਮੂਲੀ ਸਾਧਨਾਂ ਦਾ ਵੀ ਅਭਾਵ ਸੀ। ਜੋ ਕੁਝ ਵੀ ਮਿਲਦਾ ਸੀ, ਉਹ ਉਸੇ ਨੂੰ ਹੀ ਸਬਰ ਸੰਤੋਖ ਨਾਲ ਵਰਤਦੇ ਤੇ ਉਸ ਨੂੰ ਵੱਡਾ ਕਰਕੇ ਸੱਦਦੇ ਸਨ।

ਉਸ ਸਮੇਂ ਦੇ ਪਠਾਣ ਹਮਲਾਵਰ ਬਦਾਮਾਂ ਤੇ ਸੌਗੀਆਂ ਨਾਲ ਜੇਬਾਂ ਭਰੀ ਫਿਰਦੇ ਸਨ, ਪਰ ਸਿੱਖਾਂ ਨੂੰ ਇਹ ਮੇਵੇ ਕਿਥੋਂ ਹਾਸਲ ਸਨ। ਉਹ ਛੋਲਿਆਂ ਨੂੰ ਹੀ 'ਬਦਾਮ' ਕਹਿ ਕੇ ਤਸੱਲੀ ਕਰ ਲੈਂਦੇ ਸਨ ਤੇ ਹਰਾ ਛੋਲੀਆ ਜਾਂ ਭੁੰਨੀਆਂ ਹੋਲਾਂ ਹੀ ਉਨ੍ਹਾਂ ਲਈ 'ਸੌਗੀ' ਸੀ। ਜੇ ਕਿਤੇ ਮਾਮੂਲੀ ਸਾਗ ਪਾਤ ਕੱਟ ਕੇ ਚੁਲ੍ਹੇ ਚਾੜ੍ਹਦੇ ਤਾਂ ਇਹੋ ਇਕ ਤਰ੍ਹਾਂ ਦਾ ਵਧੀਆ 'ਸਬਜ਼ ਪਲਾਉ' ਬਣ ਜਾਂਦਾ ਸੀ।

ਜਦ ਰਹਿਮਤੁਲਾ ਬੇਗ ਹੱਥ ਅਬਦਾਲੀ ਨੇ ਲਾਹੌਰ ਦੀ ਸੂਬੇਦਾਰੀ ਤੇ ਬਦਾਮ ਸੌਗੀ ਆਦਿ ਮੇਵਿਆਂ ਦੇ ਟੋਕਰੇ ਸ: ਲਹਿਣਾ ਸਿੰਘ ਪਾਸ ਘੱਲੇ ਤਾਂ ਉਸ ਲੈਣੋਂ ਇਨਕਾਰ ਕਰ ਦਿੱਤਾ ਤੇ ਕੁਝ ਕਣਕ ਛੋਲਿਆਂ ਦੇ ਦਾਣੇ ਭੇਜ ਕੇ ਜਵਾਬ ਦਿੱਤਾ, 'ਅਸਾਂ ਕਿਰਤੀ ਕਿਸਾਨਾਂ ਲਈ ਤਾਂ ਇਹੋ ਸਭ ਕੁਝ ਹੈ ਤੇ ਮੇਵੇ ਤਾਂ ਅੱਯਾਸ਼ ਅਮੀਰ ਬਾਦਸ਼ਾਹਾਂ ਦੀ ਖ਼ੁਰਾਕ ਹਨ, ਇਹ ਤੁਹਾਨੂੰ ਹੀ ਸੋਭਦੇ ਹਨ।'

ਜਦ ਅਸੀਂ ਉਸ ਸਮੇਂ ਦੀ ਰਾਜਨੀਤਕ ਤੇ ਆਰਥਕ ਤਸਵੀਰ ਨੂੰ ਗਹੁ ਨਾਲ ਤੱਕਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਰਕਾਰ ਕੋਲ ਕੀ ਕੁਝ ਸੀ ਤੇ ਇਨ੍ਹਾਂ ਭੂਰਿਆਂ ਵਾਲੇ ਇਨਕਲਾਬੀ ਸਿੱਖਾਂ ਕੋਲ ਕੀ ਕੁਝ। ਪਰ ਸ਼ਾਬਾਸ਼! ਇਨ੍ਹਾਂ ਦੀ ਚੜ੍ਹਦੀ ਕਲਾ ਵਾਲੀ ਬਿਰਤੀ ਦੇ, ਜਿਸ ਨੇ ਕਦੀ ਹਾਰ ਨਹੀਂ ਖਾਧੀ ਤੇ ਕਦੀ ਆਪਣੇ ਆਪ ਨੂੰ ਢਹਿੰਦੀ ਕਲਾ ਵਿਚ ਨਹੀਂ ਲਿਆਂਦਾ, ਤਵਾਰੀਖ ਇਸ ਦੀ ਥਾਂ ਥਾਂ ਗਵਾਹੀ ਭਰਦੀ ਹੈ।

ਇਸ ਦੀ ਪੁਸ਼ਟੀ ਤੇ ਪਰਿਦਰਸ਼ਨ ਸਾਨੂੰ ਉਨ੍ਹਾਂ ਦੀ ਉਸ ਸਮੇਂ ਵਰਤੀ ਜਾਂਦੀ ਬੋਲੀ ਤੋਂ ਵੀ ਭਲੀ ਭਾਂਤ ਹੁੰਦਾ ਹੈ, ਜੋ ਉਨ੍ਹਾਂ ਖ਼ੁਦ ਸਹਿਜੇ ਸਹਿਜੇ ਗੁਪਤ ਵਰਤੋਂ ਲਈ ਘੜੀ ਸੀ। ਇਨ੍ਹਾਂ ਸੰਕੇਤਾਂ ਦਾ ਇਕ ਮੰਤਵ ਇਹ ਵੀ ਸੀ ਕਿ ਦੁਸ਼ਮਣ ਨੂੰ ਗੱਲ ਦਾ ਪਤਾ ਨ ਲੱਗੇ, ਦੂਜੇ ਹਰ ਇਨਕਲਾਬੀ ਦੀ ਸੁਰਤਿ ਉੱਚੀ ਸੁੱਚੀ ਰਹੇ। ਕਦੀ ਕਿਸੇ ਤਰ੍ਹਾਂ ਹੀਣ ਭਾਵ ਦਾ ਸ਼ਿਕਾਰ ਨ ਹੋਵੇ।

ਇਹ ਠੀਕ ਹੈ ਕਿ ਕਿਤੇ ਕਿਤੇ ਇਸ ਸੰਕੇਤਾਵਲੀ ਵਿਚ ਕਠੋਰਤਾ ਤੇ ਤਲਖੀ ਵੀ ਹੈ, ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਭੋ ਕੁਝ ਸਮੇਂ ਦੇ ਹਾਕਮਾਂ ਦੀ ਜਾਬਰਾਨਾ ਕਾਰਵਾਈ ਦੀ ਪ੍ਰਤਿਕ੍ਰਿਆ ਮਾਤਰ ਹੈ, ਸਿੱਖਾਂ ਦੇ ਕਿਰਦਾਰ ਅਨੁਸਾਰ ਨਹੀਂ।

## ਸਿੰਘ ਭਾਸ਼ਾ–

ਇਹ ਹਕੀਕਤ ਹੈ ਕਿ ਉਪ ਭਾਖਾਵਾਂ ਦੀ ਤਰ੍ਹਾਂ ਦੁਨੀਆ ਵਿਚ ਵੱਖੋ ਵੱਖ ਮਨੁੱਖੀ ਟੋਲਿਆਂ ਦੀਆਂ ਖ਼ਾਸ ਬੋਲੀਆਂ (Special Languages) ਘੜੀਂਦੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਦਾ ਰੰਗ ਰੂਪ ਆਪਣਾ ਹੀ ਹੁੰਦਾ ਹੈ, ਪਰ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਹਰ ਸਪੈਸ਼ਲ ਭਾਸ਼ਾ ਆਪਣੀ ਸਮੱਗਰੀ ਕਿਸੇ ਜੀਉਂਦੀ ਜਾਗਦੀ ਬੋਲੀ ਵਿਚੋਂ ਹੀ ਲੈਂਦੀ ਹੈ ਅਤੇ ਉਸ ਦਾ ਮੁਹਾਂਦਰਾ ਵੱਖਰਾ ਹੁੰਦਾ ਹੈ, ਜੋ ਸਮੇਂ ਦੀ ਛਾਪ ਪ੍ਰਗਟਾਉਂਦਾ ਹੈ।

ਸੋ, ਇਹ ਸਿੰਘ ਭਾਸ਼ਾ ਭਾਵੇਂ ਪੰਜਾਬੀ ਤੋਂ ਹੀ ਪੈਦਾ ਹੋਈ ਸੀ, ਪਰ ਸਮੁੱਚੇ ਮੁਹਾਂਦਰੇ ਤੋਂ ਇਹ ਬਿਲਕੁਲ ਵਿਲੱਖਣ ਕਿਸਮ ਦੀ ਸੀ ਤੇ ਹਰ ਆਦਮੀ ਇਸ ਨੂੰ ਪੂਰੀ ਤਰ੍ਹਾਂ ਸਮਝ ਵੀ ਨਹੀਂ ਸੀ ਸਕਦਾ।

ਉਸ ਜ਼ਮਾਨੇ ਦੇ ਇਨਕਲਾਬੀ ਸਿੰਘ, ਭਾਵੇਂ ਵਿਦਿਅਕ ਸਾਧਨਾਂ ਤੋਂ ਲਗਾਤਾਰ ਦੂਰ ਜੰਗਲਾਂ ਵਿਚ ਰਹਿਣ ਕਰਕੇ ਇਤਨੇ ਵਿਦਿਆਵਾਨ ਤਾਂ ਨਹੀਂ ਸਨ, ਪਰ ਉਹ ਬੁਧਿਵਾਨ ਲੋਕ ਸਨ ਤੇ ਉਹਨਾਂ ਦਾ ਅਨੁਭਵ ਬੜਾ ਤੀਖਣ ਸੀ।


www.AKJ.org

ਇਹ ਲੋਕ ਆਪਣੇ ਲੰਮੇ ਤਜਰਬੇ ਕਾਰਨ ਫ਼ਾਰਸੀ ਤੇ ਪਸ਼ਤੋ ਆਦਿ ਜ਼ਬਾਨਾਂ ਵਿਚ ਵੀ ਬੜੀ ਚੰਗੀ ਮੁਹਾਰਤ ਰੱਖਦੇ ਸਨ, ਕਿਉਂਕਿ ਇਨ੍ਹਾਂ ਦਾ ਵਰ੍ਹਿਆਂ ਤੋਂ ਮੁਗ਼ਲਾਂ ਤੇ ਪਠਾਣਾਂ ਨਾਲ ਵਾਹ ਪੈ ਰਿਹਾ ਸੀ, ਤੇ ਉਹ ਇਕ ਦੂਜੇ ਦੀ ਗੱਲ ਸਮਝਣ ਵਿਚ ਪ੍ਰਬੀਨ ਸਨ।

ਮਿਸਟਰ ਫਰੈਂਕੇਲਿਨ ਨੇ ਸ਼ਾਹ ਆਲਮ ਦੀ ਤਵਾਰੀਖ਼ ਵਿਚ ਇਹ ਸਾਫ਼ ਲਿਖਿਆ ਹੈ ਕਿ—ਇਹ ਉਚੇ ਦਿਓ ਲੰਮੇ ਕੱਦਾਂ ਵਾਲੇ ਨੀਲੰਬਰਧਾਰੀ ਸਿੰਘ, ਭੂਰਿਆਂ ਦੀਆਂ ਗਿਲਤੀਆਂ ਮਾਰ ਕੇ, ਕਮਰਕੱਸੇ ਕਰ ਕੇ ਤੇ ਸਿਰਾਂ ਉਤੇ ਖੁਲ੍ਹੇ ਡੁਲ੍ਹੇ ਦਸਤਾਰੇ ਸਜਾ ਕੇ ਰੱਖਦੇ ਸਨ ਅਤੇ ਪਸ਼ਤੋ ਵੀ ਚੰਗੀ ਬੋਲ ਲੈਂਦੇ ਸਨ, ਜਿਸ ਵਿਚ ਅਰਬੀ, ਫ਼ਾਰਸੀ ਤੇ ਹਿੰਦਵੀ ਦੀ ਮਿੱਸ ਹੁੰਦੀ ਸੀ।

ਸੋ, ਪਸ਼ਤੋ, ਫ਼ਾਰਸੀ ਤੇ ਪੰਜਾਬੀ ਦੇ ਜਾਣੂ ਹੋਣ ਦੇ ਬਾਵਜੂਦ, ਇਹ ਸੰਗ੍ਰਾਮੀਏ ਬਨਵਾਸੀ ਸਿੰਘ, ਗੁਪਤ ਭਾਸ਼ਾ ਵੀ ਵਰਤੋਂ ਵਿਚ ਲਿਆਉਂਦੇ ਸਨ ਤਾਂ ਕਿ ਆਪਣੇ ਫੌਜੀ ਭੇਦ ਛੁਪਾ ਕੇ ਰੱਖੇ ਜਾ ਸਕਣ ਤੇ ਗ਼ੁਰਬਤ ਦੇ ਬਾਵਜੂਦ ਆਪਣੀਆਂ ਆਰਥਿਕ ਊਣਤਾਈਆਂ ਤੇ ਵੀ ਪਰਦਾ ਪਾ ਕੇ ਸ਼ਾਹਾਨਾ ਬਿਰਤੀ ਕਾਇਮ ਰੱਖੀ ਜਾ ਸਕੇ। ਉਂਜ ਜੋ ਹਾਲ ਸੀ, ਉਹ ਕਿਸੇ ਤੋਂ ਗੁੱਝਾ-ਛੁਪਾ ਨਹੀਂ ਸੀ। ਸਰਕਾਰ ਨੂੰ ਪਤਾ ਸੀ ਕਿ ਇਹ ਮਜਬੂਰੀਆਂ ਦਾ ਸ਼ਿਕਾਰ ਲੋਕ ਟੱਕਰਾਂ ਮਾਰਦੇ ਫਿਰਦੇ ਹਨ, ਨਾ ਇਨ੍ਹਾਂ ਪਾਸ ਖਾਣ-ਪੀਣ ਦਾ ਸਾਮਾਨ ਹੈ ਤੇ ਨਾ ਹੀ ਪਹਿਨਣ ਓਢਣ ਦਾ। ਮਾਮੂਲੀ ਸ਼ਸਤਰ-ਬਸਤਰ ਲੈ ਕੇ ਦਿਨ-ਕੱਟੀ ਕਰਦੇ ਸਨ।

ਗਿਆਨੀ ਗਿਆਨ ਸਿੰਘ ਜੀ ਨੇ ਇਸ ਦਰਦਨਾਕ ਅਵਸਥਾ ਨੂੰ ਇਉਂ ਚਿਤ੍ਰਿਆ ਹੈ—

ਫਿੱਡਾ ਜੈਸਾ ਟਟੂਆ ਔ ਜੁਲੜੂ ਕਾ ਕਾਠੀ ਪਾਇ, ਰੱਸੜੀ ਲਗਾਮ ਤੇ ਰੱਸੜੂ ਰਕਾਬ ਜੂ।
ਪਾਟਿਆ ਸਾ ਕੱਛੜੂ ਤੇ ਨੀਲੜਾ ਸਾ ਚਾਦਰੂ ਹੈ, ਡੂਚੋ ਜੈਸਾ ਪੱਗੜੂ ਬਣਾਇਆ ਸਿਰਤਾਜ ਜੂ।
ਟੁੱਟਾ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾ ਕੋ, ਗਠਸਠ ਗਾਤਰਾ ਬਣਾਇਆ ਸਭ ਸਾਜ ਜੂ।
ਨਾਮ ਤੋ ਅਕਾਲੜੂ ਸੋ, ਫਿਰੈ ਬੁਰੇ ਹਾਲੜੂ ਸੋ, ਲੂਟ ਕੂਟ ਖਾਵਣੇ ਕੋ ਡਾਢੇ ਉਸਤਾਦ ਜੂ।

(ਸ੍ਰੀ ਗੁਰ ਪੰਥ ਪ੍ਰਕਾਸ਼)

## ਬੋਲਿਆਂ ਦੇ ਬਿਧਾਤੇ ਨਿਹੰਗ ਸਿੰਘ—

'ਨਿਹੰਗ' ਸ਼ਬਦ ਕਾਫ਼ੀ ਪੁਰਾਤਨ ਹੈ, ਜਿਸ ਦਾ ਅਰਥ ਹੈ--ਨਿਧੜਕ, ਨਿਰਭੈ, ਵਰਿਆਮ ਜੋਧਾ। ਗੁਰਬਾਣੀ ਵਿਚ ਪੰਚਮ ਪਾਤਸ਼ਾਹ ਨੇ ਇਹ ਸ਼ਬਦ ਵਰਤਿਆ ਹੈ—

ਨਿਰਭਉ ਹੋਇਓ ਭਇਆ ਨਿਹੰਗਾ ॥੨॥੩੫॥੬॥ (ਆਸਾ ਮ: ੫, ੩੯੨)

ਗੁਰੂ ਗੋਬਿੰਦ ਸਿੰਘ ਜੀ ਨੇ ਦੁਰਗਾ ਦੀ ਵਾਰ ਵਿਚ ਵੀ ਇਸ ਪਦ ਦਾ ਪ੍ਰਯੋਗ ਕੀਤਾ ਹੈ :—

ਪਹਲਾ ਦਲਾਂ ਮਿਲੰਦਿਆਂ, ਭੇੜ ਪਇਆ ਨਿਹੰਗਾਂ ॥੪੭॥ (ਪੰਨਾ ੧੨੬)

ਸਾਧੂ ਹਰਿਦਾਸ ਦਾ ਨਿਰੰਜਨੀ ਪੰਥ ਹੈ, ਉਸ ਦੇ ਦੋ ਵੱਡੇ ਭਾਗ ਹਨ—ਘਰਬਾਰੀ ਤੇ ਨਿਹੰਗ। ਨਿਹੰਗ ਦਾ ਭਾਵ ਇਥੇ ਬਿਰੱਕਤ ਤੋਂ ਹੈ, ਜੋ ਕਿ ਖਾਕੀ ਰੰਗ ਦੀ ਗੋਦੜੀ ਗਲ ਵਿਚ ਪਾ ਕੇ ਰਖਦੇ ਹਨ। ਪਰ ਸਿੱਖ ਪੰਥ ਦੇ ਨਿਹੰਗ ਸਿੰਘ, ਬਿਹੰਗਮ ਵਿਚਰਦੇ, ਨੀਲਾ ਬਾਣਾ ਪਹਿਰਦੇ ਤੇ ਸਦਾ ਸ਼ਸਤਰ ਸਜਾ ਕੇ ਰਖਦੇ ਹਨ। ਕਿਸੇ ਸਮੇਂ ਸਾਰੀ ਸਿੱਖ ਕੌਮ ਹੀ—ਕੀ ਘਰਬਾਰੀ ਤੇ ਕੀ ਬਿਰੱਕਤ, ਸਭੇ ਲਗ ਭਗ ਬਨਵਾਸੀ ਸਨ ਤੇ ਸਭ ਦਾ ਬਾਣਾ ਵੀ ਨੀਲਾ ਹੀ ਸੀ। ਅੱਜ ਕਲ੍ਹ ਕੇਵਲ ਨਿਹੰਗ ਹੀ ਨੀਲੰਬਰ ਧਾਰੀ ਹਨ ਤੇ ਉਪਰੋਕਤ ਖਾਲਸਈ ਬੋਲੇ ਵੀ ਵਧੇਰੇ ਇਹੋ ਹੀ ਵਰਤੋਂ ਵਿਚ ਲਿਆਉਂਦੇ ਹਨ। ਇਉਂ ਜਾਪਦਾ ਹੈ ਜਿਵੇਂ ਕਿ ਇਸ ਜਥੇ ਨੇ ਪੁਰਾਤਨ ਸਿੰਘ ਪਰੰਪਰਾ ਨੂੰ ਜਿਵੇਂ ਕਿਵੇਂ ਕੁਝ ਹੱਦ ਤੱਕ ਕਾਇਮ ਰੱਖਿਆ ਹੋਇਆ ਹੈ। ਇਹ ਠੀਕ ਹੈ ਕਿ ਬਹੁਤ ਸਾਰੇ ਬੋਲੇ ਲੋਪ ਹੋ ਗਏ ਹਨ, ਪਰ ਜਿਤਨੇ ਕਿ ਬਾਕੀ ਹਨ, ਉਹ ਵੀ ਨਿਹੰਗ ਸਿੰਘਾਂ ਦੀ ਬੋਲ ਬਾਣੀ ਕਰਕੇ ਕਾਇਮ ਦਾਇਮ ਹਨ।


www.AKJ.Org

ਇਹ ਅਸੀਂ ਵੇਖਦੇ ਹਾਂ ਕਿ ਖਾਲਸਈ ਬੋਲਿਆਂ ਵਿਚ ਵਧੇਰੇ ਕਰਕੇ ਵਸਤਾਂ ਦੇ ਨਵੇਂ ਨਵੇਂ ਨਾਂ ਰਖੇ ਗਏ ਹਨ, ਜੋ ਕਿ ਚੜ੍ਹਦੀ ਕਲਾ ਅਤੇ ਵਿਅੰਗਕਾਰੀ ਦਾ ਵਧੀਆ ਪ੍ਰਮਾਣ ਹਨ, ਪ੍ਰੰਤੂ ਕ੍ਰਿਆ ਦੀ ਤਬਦੀਲੀ ਟਾਵੀਂ ਟਾਵੀਂ ਹੈ। ਜਿਵੇਂ ਖਾਣਾ ਨੂੰ ਛਕਣਾ, ਮਰਨਾ ਨੂੰ ਅਸਵਾਰਾ ਕਰਨਾ, ਚੜ੍ਹਾਈ ਕਰਨਾ, ਮੰਗਣਾ ਨੂੰ ਉਗਰਾਹੁਣਾ। ਇਕ ਕ੍ਰਿਆ 'ਸਜਣਾ' ਬਹੁਤ ਆਮ ਵਰਤੀ ਜਾਂਦੀ ਹੈ, ਜੋ ਸਿੱਖ ਸੰਸਕ੍ਰਿਤੀ ਦਾ ਸ਼ਿੰਗਾਰ ਹੈ। ਮਿਸਾਲ ਲਈ ਆਮ ਆਦਮੀ ਤੇ ਖਾਲਸੇ ਦੇ ਆਖਣ ਵਿਚ ਭੇਦ ਹੈ। ਜਿਵੇਂ ਕਿ—

੧—ਆਮ ਆਦਮੀ — ਮੁੰਡਾ ਪੱਗ ਬੰਨ੍ਹ ਰਿਹਾ ਹੈ।
ਖਾਲਸਾ — ਭੁਝੰਗੀ ਦਸਤਾਰਾ ਸਜਾ ਰਿਹਾ ਹੈ।
੨—ਆਮ ਆਦਮੀ — ਜ਼ਨਾਨੀ ਰੋਟੀਆਂ ਪਕਾ ਰਹੀ ਹੈ।
ਖਾਲਸਾ — ਬੀਬੀ ਪ੍ਰਸ਼ਾਦੇ ਸਜਾ ਰਹੀ ਹੈ।
੩—ਆਮ ਆਦਮੀ — ਹਲਵਾਈ ਕੜਾਹ ਬਣਾ ਰਿਹਾ ਹੈ।
ਖਾਲਸਾ — ਭਾਈ ਦੇਗ ਸਜਾ ਰਿਹਾ ਹੈ।

ਇਹ 'ਸਜਣਾ' ਸ਼ਬਦ ਗੁਰਬਾਣੀ ਵਿਚ ਵੀ ਅਨੇਕ ਥਾਈਂ ਆਇਆ ਹੈ—

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥੧॥੨੪॥ (੪੭੫)
ਆਪੇ ਸਾਜੇ ਆਪੇ ਰੰਗੇ, ਆਪੇ ਨਦਰਿ ਕਰੇਇ ॥੪॥੧॥੩॥(੭੨੨)

ਅਕਾਲ ਪੁਰਖ ਵਲੋਂ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਕਿਹਾ ਗਿਆ—

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ॥੨੯॥
(ਬਚਿਤ੍ਰ ਨਾਟਕ, ਧਿਆਇ ੬)

ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਵਰਤੋਂ ਖਾਲਸੇ ਪ੍ਰਤੀ ਕੀਤੀ ਕਿ ਮੈਂ ਨਾਚੀਜ਼ ਕੁਝ ਵੀ ਨਹੀਂ, ਮੈਨੂੰ ਸਾਜਣ ਸ਼ਿੰਗਾਰਨ ਵਾਲੀ ਗੁਰੂ ਸੰਗਤ ਹੈ :—

'ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈ, ਨਹੀ ਮੋ ਸੋ ਗਰੀਬ ਕਰੋਰ ਪਰੇ ॥' (੭੧੭)

ਇਸ ਤੋਂ ਬਾਅਦ ਇਸ ਕ੍ਰਿਆ ਦੀ ਖਾਲਸੇ ਵਿਚ ਭਰਪੂਰ ਵਰਤੋਂ ਹੋਈ। ਹਰ ਨਵਾਂ ਬਣਨ ਵਾਲਾ ਸਿੱਖ, ਸੰਗਤ ਵਿਚ ਆ ਕੇ ਜੋਦੜੀ ਕਰਦਾ ਹੈ— "ਖਾਲਸਾ ਜੀ ਮੈਨੂੰ ਸਿੰਘ ਸਜਾਓ।"

ਇਸ ਤਰ੍ਹਾਂ 'ਸਜਣਾ' ਪਦ ਖਾਲਸਈ ਬੋਲਿਆਂ ਦਾ ਸ਼ਿੰਗਾਰ ਬਣ ਗਿਆ ਤੇ ਖਾਲਸਈ ਬੋਲਿਆਂ ਦੀ ਸ਼ੈਲੀ ਇਹ ਸਿਧ ਕਰਦੀ ਹੈ ਕਿ ਸਿੰਘ ਭਾਸ਼ਾ ਪਤਵੰਤੇ ਪੁਰਸ਼ਾਂ ਦੀ ਭਾਸ਼ਾ ਰਹੀ ਹੈ, ਜੋ ਕਿ ਉਚੇ ਸਭਿਆਚਾਰ ਦੀ ਪ੍ਰਤੀਕ ਹੈ। ['ਗੁਰਮਤਿ ਪ੍ਰਕਾਸ਼' ਜੁਲਾਈ ੯੫ ਚੋਂ ਧੰਨਵਾਦ ਸਹਿਤ

---

[ਸਫਾ ੧੬ ਦੀ ਬਾਕੀ]

ਵੱਡਾ ਗੁਰੂ ਦਾ ਰੂਪ ਗ੍ਰੰਥ ਸਾਹਿਬ, ਵੱਡਾ ਪੰਥ ਤੇ ਪੰਥ ਦਾ ਪਿਆਰ ਵੱਡਾ।
ਸਿੱਖੀ ਮਹਿਲ ਨੂੰ ਜਿਨ੍ਹਾਂ ਨਹੀਂ ਇੱਟ ਲਾਈ, ਹੱਕ ਉਹਨਾਂ ਨੂੰ ਨਹੀਂ ਜੱਫੇ ਪਾਵਣੇ ਦਾ।
ਜਿਨ੍ਹਾਂ ਪੰਥ-ਫੁਲਵਾੜੀ ਨੂੰ ਸਿੰਜਿਆ ਨਹੀਂ, ਹੱਕ ਨਹੀਂ ਹਥ ਫੁਲਾਂ ਨੂੰ ਪਾਵਣੇ ਦਾ।
ਦੁਖੀ ਪੰਥ ਨੂੰ ਦੇਖ ਜੋ ਕਲਪਿਆ ਨਹੀਂ, ਹੱਕ ਨਹੀਂ ਹਮਦਰਦ ਕਹਿਲਾਵਣੇ ਦਾ।
ਜਿਹਨੇ ਕੌਮ ਉਤੋਂ ਆਪਾ ਵਾਰਿਆ ਨਹੀਂ, ਹੱਕ ਨਹੀਂ ਗਲ ਹਾਰ ਪੁਆਵਣੇ ਦਾ।
ਤੇਰਾ ਨਾਅਰਾ 'ਸਰਬੱਤ ਦਾ ਭਲਾ' ਪਲ ਪਲ, ਵੇਖ ਮਾਰੂ ਹੁਣ ਰਾਗ ਨਾ ਗਾ ਸਿੰਘਾ।
ਤੇਰੇ ਸਿਰ ਦਸਤਾਰ ਦਸਮੇਸ਼ ਦੀ ਏ, ਇਸ ਦਸਤਾਰ ਨੂੰ ਲਾਜ ਨਾ ਲਾ ਸਿੰਘਾ।
ਪੰਥ ਏਕਤਾ ਦੇ ਸੁੱਚੇ ਦੁੱਧ ਨੂੰ ਤੂੰ, ਬੇ-ਇਤਫਾਕੀ ਦੀ ਜਾਗ ਨਾ ਲਾ ਸਿੰਘਾ।
'ਰਾਜ ਕਰੇਗਾ ਖਾਲਸਾ' ਜਾਪ ਤੇਰਾ, ਏਸ ਜਾਪ ਤੇ ਫੁੱਲ ਚੜ੍ਹਾ ਸਿੰਘਾ।


www.AKJ.Org

# ਭੁਲੜ ਗੁਰਸਿੱਖ ਵੀਰ ਨੂੰ ਪੁਕਾਰ

[ਸ: ਸੰਤਾ ਸਿੰਘ ਜੀ 'ਆਜਿਜ਼', ਲੁਧਿਆਣਾ]

ਬਾਰ ਬਾਰ ਇਹ ਬੇਨਤੀ ਕਰਾਂ ਸਿੰਘਾ, ਸੁਣ ਕੇ ਬੇਨਤੀ ਰਿਦੇ ਵਿਚਾਰ ਤਾਂ ਸਹੀ।
ਕਦਮ ਕਿਉਂ ਥਿੜ੍ਹਕੇ ਸਿੱਧੇ ਮਾਰਗਾਂ ਤੋਂ, ਆਪਣੇ ਪੰਧ ਵੱਲੇ ਨਜ਼ਰ ਮਾਰ ਤਾਂ ਸਹੀ।
ਮਾਣ ਬੜਾ ਸੀ ਪੰਥ ਨੂੰ ਤੁਧ ਉਤੇ, ਭੁੱਲਾ ਕਿਉਂ, ਕਰ ਯਾਦ ਇਕਰਾਰ ਤਾਂ ਸਹੀ।
ਦੂਰ ਖੜਾ ਭਰਾਵਾਂ ਤੋਂ ਤੋੜ ਰਿਸ਼ਤਾ, ਪਿਆਰ ਨਾਲ ਇਕ ਵਾਰ ਪੁਕਾਰ ਤਾਂ ਸਹੀ।

ਢਹਿੰਦੀ ਕਲਾ ਵਲ ਕਿਉਂ ਝੁਕਾਉ ਤੇਰਾ, ਚੜ੍ਹਦੀ ਕਲਾ ਵਾਲੀ ਚਾਲ ਭੁੱਲਿਆ ਤੂੰ।
ਸਫਲ ਤਾਰੂ ਸੈਂ ਡੂੰਘਿਆਂ ਸਾਗਰਾਂ ਦਾ, ਛੱਪੜ, ਟੋਭਿਆਂ ਦੇ ਉਤੇ ਡੁੱਲਿਆ ਤੂੰ।
ਪੰਛੀ ਅੰਰਸ਼ ਦਾ ਉਚੀ ਪਰਵਾਜ਼ ਤੇਰੀ, ਮਾਰੂ ਥਲਾਂ ਸਹਿਰਾਵਾਂ ਵਿਚ ਰੁੱਲਿਆ ਤੂੰ।
ਸੁੱਚਾ ਰਤਨ ਅਨਮੋਲ ਸੰਸਾਰ ਦਾ ਸੈਂ, ਕੌਡੀ ਪੱਥਰਾਂ ਦੇ ਮੁੱਲੋਂ ਤੁੱਲਿਆ ਤੂੰ।

ਤੇਰੀ ਅਣਖ ਮੋਹਰੇ ਹੁਕਮਰਾਨ ਝੁਕ ਗਏ, ਝੁਕੀਆਂ ਪੈਰਾਂ ਦੇ ਵਿਚ ਨਵਾਬੀਆਂ ਵੀ।
ਸ਼ਾਂਤਮਈ ਸੁਧਾਰ ਅੰਦੋਲਨਾਂ ਨੇ, ਖੋਹੀਆਂ ਚਤਰ ਅੰਗਰੇਜ਼ ਤੋਂ ਚਾਬੀਆਂ ਵੀ।
ਤੇਰੇ ਸਿਦਕ ਨੂੰ ਨਹੀਂ ਡੁਲਾ ਸਕੀਆਂ, ਜੇਲ੍ਹਾਂ, ਫਾਂਸੀਆਂ, ਖ਼ਾਨਾ-ਬਰਬਾਦੀਆਂ ਵੀ।
ਸੰਗਲ ਕੱਟਦਾ ਰਿਹੋਂ ਗ਼ੁਲਾਮੀਆਂ ਦੇ, ਕਦੀ ਮਾਣੀਆਂ ਰੱਜ ਆਜ਼ਾਦੀਆਂ ਵੀ।

ਲਾਲੀ ਚੇਹਰੇ ਦੀ ਸਿਖਰ ਦੁਪਹਿਰ ਵਰਗੀ, ਆਫ਼ਤਾਬ ਤੋਂ ਤੇਜ਼ ਜਮਾਲ ਤੇਰਾ।
ਕਾਇਨਾਤ ਝੁਕਦੀ ਤੇਰੇ ਅਜ਼ਮ ਅੱਗੇ, ਅਟਕ ਅਟਕਦਾ ਵੇਖ ਜਲਾਲ ਤੇਰਾ।
ਫਤਹ ਬੋਲ ਕੇ ਵੈਰੀ ਤੇ ਕਰੇਂ ਹੱਲਾ, ਰੁਕਣਾ ਰਾਹਾਂ ਦੇ ਵਿਚ ਮੁਹਾਲ ਤੇਰਾ।
ਵੈਰੀ, ਮੀਤ, ਬਲਿਹਾਰਨੇ ਜਾਣ ਤੈਥੋਂ, ਰਣ ਵਿਚ ਤੇਗ ਦਾ ਵੇਖ ਕਮਾਲ ਤੇਰਾ।

ਜਿਨ੍ਹਾਂ ਸੁਣੇ ਤੱਕੇ ਪਰਉਪਕਾਰ ਤੇਰੇ, ਤੈਨੂੰ ਪੂਜਦੇ ਰਹੇ, ਪਿਆਰਦੇ ਰਹੇ।
ਜਿਨ੍ਹਾਂ ਪਰਖ ਲਏ ਨੇਕ ਅਸੂਲ ਤੇਰੇ, ਸਦਕੇ ਜਾਂਵਦੇ ਰਹੇ, ਸਤਿਕਾਰਦੇ ਰਹੇ।
ਜਿਨ੍ਹਾਂ ਲਈ ਕੁਰਬਾਨੀਆਂ ਰਿਹੋਂ ਕਰਦਾ, ਧੰਨ ਧੰਨ ਆਖਦੇ ਰਹੇ, ਧਨ ਵਾਰਦੇ ਰਹੇ।
ਜਿਨ੍ਹਾਂ ਜਾਚ ਲਏ ਪਾਕ ਕਿਰਦਾਰ ਤੇਰੇ, ਵਾਹ ਵਾਹ ਬੋਲਦੇ ਰਹੇ, ਪੁਕਾਰਦੇ ਰਹੇ।

ਦੁਖੀਏ ਤੇਰਾ ਹੀ ਆਸਰਾ ਭਾਲਦੇ ਸਨ, ਹੁਣ ਕਿਉਂ ਦੂਸਰੇ ਦੀ ਮਿੰਨਤ ਕਰੇਂ ਸਿੰਘਾ।
ਤੇਰਾ ਘਰ ਇਨਸਾਫ਼ ਦਾ ਘਰ ਹੈ ਸੀ, ਬੇਇਨਸਾਫ਼ੀਆਂ ਹੁਣ ਕਿਉਂ ਜਰੇਂ ਸਿੰਘਾ।
ਦੁਸ਼ਮਨ ਯਰਕਦੇ ਸਨ ਤੇਰੇ ਜ਼ੋਰ ਅੱਗੇ, ਕਾਇਰ ਬੁਜ਼ਦਿਲਾਂ ਤੋਂ ਹੁਣ ਕਿਉਂ ਡਰੇਂ ਸਿੰਘਾ।
ਬੇ-ਇਤਫ਼ਾਕੀਆਂ ਨੇ ਬੇੜਾ ਗ਼ਰਕ ਕੀਤਾ, ਤਾਹੀਉਂ ਪਾਮਰਾਂ ਦੇ ਹੱਥੋਂ ਮਰੇਂ ਸਿੰਘਾ।

ਨਫ਼ਰਤ, ਈਰਖਾ, ਨਿੰਦਿਆ, ਧੜੇਬੰਦੀ, ਦਸਮ ਪਿਤਾ ਨੂੰ ਮੂਲ ਨਾ ਭਾਂਵਦੀ ਏ।
ਜ਼ੋਰ, ਜਬਰ, ਹੈਂਕੜ, ਆਕੜਖਾਨੀਆਂ ਦੀ. ਆਕੜ ਪਲਾਂ ਅੰਦਰ ਢਹਿ ਢਹਿ ਜਾਂਵਦੀ ਏ।
ਭੁੱਖ ਚੌਧਰਾਂ ਦੀ, ਭੁੱਖ ਕੁਰਸੀਆਂ ਦੀ. ਮਿਟਦੀ ਨਹੀਂ ਇਹ ਮਾਰ ਮੁਕਾਂਵਦੀ ਏ।
ਆਪਣੀ ਗ਼ਰਜ਼ ਲਈ ਬਣੇ ਜੋ ਕੌਮ-ਘਾਤਕ, ਕੌਮ ਹਸ਼ਰ ਤਕ ਲਾਅਨਤਾਂ ਪਾਂਵਦੀ ਏ।

ਸੇਵਾ ਕੌਮ ਦੀ ਭਾਗਾਂ ਦੇ ਨਾਲ ਮਿਲਦੀ, ਸੇਵਾ ਗੁਰੂ ਘਰ ਪਰਉਪਕਾਰ ਵੱਡਾ।
ਆਪਾ ਵਾਰ ਜੋ ਕਰੇ ਨਿਸ਼ਕਾਮ ਸੇਵਾ, ਪਾਏ ਜਗਤ ਵਿਚ ਮਾਨ ਸਤਿਕਾਰ ਵੱਡਾ।
ਜਥੇਦਾਰ, ਪਰਧਾਨ, ਸਕੱਤਰਾਂ ਤੋਂ, ਨਾਨਕ ਗੁਰੂ ਦਾ ਸਚੁ ਦਰਬਾਰ ਵੱਡਾ।

[ਬਾਕੀ ਦੇਖੋ ਸਫਾ .੫ ਦੇ ਹੇਠ]



www.AKJ.Org

# ਜਿਤੁ ਪੀਤੇ ਮਤਿ ਦੂਰਿ ਹੋਇ

[ਸ: ਪਰਵਿੰਦਰ ਸਿੰਘ ਜੀ ਖਾਲਸਾ[

ਸੰਸਾਰੀ ਜੀਵ ਅਗਿਆਨਤਾ ਵਸ ਹੋ ਕੇ ਆਪਣੀ ਧਾਰਮਿਕ, ਸਮਾਜਿਕ ਤੇ ਆਰਥਿਕ ਹਾਲਤ ਦਾ ਨਾਸ਼ ਕਰਨ ਤੇ ਤੁਲ ਚੁਕਾ ਹੈ। ਵਿਸ਼ਵ ਵਿਗਿਆਨੀਆਂ ਦੀ ਰਾਏ ਅਨੁਸਾਰ ਸੰਸਾਰ ਦੇ ਵੱਡੇ ਵੱਡੇ ਦੇਸ਼, ਜੋ ਉਨਤੀ ਦੀਆਂ ਸਿਖਰਾਂ ਨੂੰ ਛੋਹ ਰਹੇ ਹਨ, ਇਕ ਨਾ ਇਕ ਦਿਨ ਸਰਬਨਾਸ਼ ਹੋ ਜਾਣਗੇ, ਜੇ ਨਸ਼ੇ ਦੀ ਵਧ ਰਹੀਂ ਵਰਤੋਂ ਨੂੰ ਠੱਲ੍ਹ ਨਾ ਪਾਈ ਗਈ।

ਸਮਾਜ ਵਲ ਗਹੁ ਨਾਲ ਵੇਖੋ ! ਅੱਜ ਪਰਿਵਾਰਾਂ ਦੇ ਪਰਿਵਾਰ ਨਸ਼ੇ ਦੀ ਮਾਰ ਹੇਠਾਂ ਰੁੜ੍ਹਦੇ ਜਾ ਰਹੇ ਹਨ। ਕਈ ਵਾਰ ਹੈਰਾਨ ਹੋ ਜਾਈਦਾ ਹੈ ਕਿ ਮਾਤਾ ਪਿਤਾ ਵੀ ਆਪਣੀਆਂ ਨੌਜੁਆਨ ਦੇਵੀ ਰੂਪ ਲੜਕੀਆਂ ਨੂੰ ਸ਼ਰਾਬੀਆਂ ਦੇ ਹੱਥ ਦੇਣ ਤੋਂ ਗੁਰੇਜ਼ ਨਹੀਂ ਕਰਦੇ। ਉਹ ਇਸ ਭੁਲ ਵਿਚ ਹਨ ਕਿ ਲੜਕੀ ਦੀ ਸਿਆਣਪ ਸ਼ਰਾਬੀ ਨੂੰ ਸ਼ਰਾਬ ਪੀਣ ਤੋਂ ਰੋਕ ਸਕੇਗੀ। ਐਸੀਆਂ ਅਨੇਕਾਂ ਘਟਨਾਵਾਂ ਪੜ੍ਹਨ ਸੁਣਨ ਵਿਚ ਆਉਂਦੀਆਂ ਹਨ ਕਿ ਸ਼ਰਾਬ ਕਾਰਨ ਪਰਿਵਾਰਾਂ ਦੇ ਕਤਲ ਹੋ ਰਹੇ ਹਨ। ਨੌਜੁਆਨ ਦੇਵੀ ਰੂਪ ਲੜਕੀਆਂ ਦੀਆਂ ਜ਼ਿੰਦਗੀਆਂ ਦੁਖਾਂ ਤੇ ਮੁਸੀਬਤਾਂ ਦੇ ਘੇਰੇ ਵਿਚ ਜ਼ਲੀਲ ਹੋ ਕੇ ਤਬਾਹ ਹੋ ਰਹੀਆਂ ਹਨ। ਇਹ ਗੱਲ ਪੱਕੀ ਯਕੀਨਨ ਸਮਝਣੀ ਪਵੇਗੀ ਕਿ ਸ਼ਰਾਬੀ ਸਿਆਣਪ, ਸ਼ਰਮ, ਧਰਮ, ਕਰਮ ਆਦਿ ਦੀ ਕਦਰ ਨਹੀਂ ਜਾਣ ਸਕਦਾ।

ਸਿੱਖ ਧਰਮ ਦੀ ਪੜਚੋਲ ਕਰੀਏ ਤਾਂ ਸਿੱਖੀ ਤੇ ਸ਼ਰਾਬੀ ਦਾ ਦੂਰ ਦਾ ਵੀ ਮੇਲ ਨਹੀਂ। ਸਿੱਖੀ ਅਤੇ ਸ਼ਰਾਬੀ ਦਾ ਰਿਸ਼ਤਾ ਇਉਂ ਹੈ ਜਿਵੇਂ ਪਾਰਾ ਤੇ ਪਾਣੀ। ਕਦੇ ਵੀ ਪਾਰਾ ਅਤੇ ਪਾਣੀ ਇਕ ਨਹੀਂ ਹੋ ਸਕਦੇ। ਗੱਲ ਸਿਰਫ ਏਨੀ ਹੈ ਕਿ ਸ਼ਰਾਬੀ ਸਿੱਖ ਅਖਵਾ ਸਕਦਾ ਹੈ ਪਰ ਸਿੱਖ ਬਣ ਨਹੀਂ ਸਕਦਾ, ਜਦੋਂ ਤਕ ਉਹ ਸ਼ਰਾਬ ਛੱਡ ਨਹੀਂ ਦੇਂਦਾ।

ਸਿੱਖ ਬਨਣਾ ਬਹੁਤ ਔਖਾ ਹੈ, ਪਰ ਸਿੱਖ ਅਖਵਾਉਣਾ ਬਹੁਤ ਸੌਖਾ ਹੈ। ਸਿੱਖ ਬਣਨ ਲਈ ਹਿਤੋਂ ਚਿਤੋਂ ਗੁਰੂ ਦੇ ਹੁਕਮਾਂ ਨੂੰ ਮੰਨਣਾ ਪੈਂਦਾ ਹੈ। ਸੰਸਾਰ ਵਿਚ ਵੈਰ, ਗੁਸਾ, ਈਰਖਾ, ਨਫ਼ਰਤ ਅਤੇ ਲੜਾਈਆਂ ਆਦਿ ਦਾ ਵਾਧਾ ਹੋ ਰਿਹਾ ਹੈ। ਇਸ ਦਾ ਮੂਲ ਕਾਰਨ ਸ਼ਰਾਬ ਹੀ ਹੈ। ਮੇਰੀ ਰਾਇ ਅਨੁਸਾਰ ਜੇ ਇਸੇ ਗਤੀ ਨਾਲ ਸ਼ਰਾਬ ਦੀ ਵਰਤੋਂ ਹੁੰਦੀ ਰਹੀ ਤਾਂ ਇਕ ਵਾਰ ਫਿਰ ਸੰਸਾਰ ਦੈਂਤਾਂ ਦੀ ਦੁਨੀਆ ਦਾ ਕੇਂਦਰ ਬਣ ਜਾਵੇਗਾ, ਕਿਉਂਕਿ ਇਨਸਾਨੀਅਤ ਦੀ ਪਹਿਚਾਨ ਆਪਣੇ ਉਚੇ ਸੁਚੇ ਜੀਵਨ ਕਾਰਨ ਹੁੰਦੀ ਹੈ।

ਕਈ ਵਾਰ ਅਗਿਆਨੀ ਜੀਵ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਕਦੇ ਕਦੇ ਘੁਟ ਲਗਾਉਂਦੇ ਹਾਂ। ਉਨ੍ਹਾਂ ਅਨੁਸਾਰ ਇਸ ਦਾ ਭਾਵ ਇਹੋ ਹੋਇਆ ਕਿ ਧਰਮ ਸਾਨੂੰ ਕਦ-ਕਦੇ ਘੁਟ ਲਗਾਉਣ ਦੀ ਖੁਲ੍ਹ ਦੇਂਦਾ ਹੈ। ਕੀ ਇਹ ਅਪ੍ਰਤੱਖ ਤੌਰ ਤੇ ਗੁਰੂ ਕੀ ਸਿੱਖੀ ਨਾਲ ਮਜ਼ਾਕ ਨਹੀਂ ? ਸਵਾਲ ਤਾਂ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੈ। ਕਦੇ ਕਦੇ ਗੁਰੂ ਹੁਕਮਾਂ ਨੂੰ ਮੰਨ ਲੈਣਾ ਅਤੇ ਕਦੇ ਨਾ ਮੰਨਣਾ, ਇਹ ਗੁਰੂ ਦੀ ਕਿਰਪਾ ਦੇ ਪਾਤਰ ਬਨਣ ਵਾਲੀ ਅਵਸਥਾ ਨਹੀਂ ਹੈ।

ਸਿੱਖ ਧਰਮ ਦੇ ਜਨਮ-ਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :—

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥ (੫੫੪)

ਸ਼ਰਾਬ ਬਾਰੇ ਗੁਰੂ ਸਾਹਿਬ ਦਾ ਫ਼ੈਸਲਾ ਹੈ ਕਿ ਇਸਨੂੰ ਪੀਣ ਨਾਲ ਬੰਦੇ ਦੀ ਮਤ ਮਾਰੀ ਜਾਂਦੀ ਹੈ, ਮਨੁਖ



www.AKJ.Org

ਅੰਦਰ ਪਸ਼ੂ ਬਿਰਤੀ ਦਾ ਨਿਵਾਸ ਹੋ ਜਾਂਦਾ ਹੈ, ਪਾਗਲਪਨ ਵਾਲੀ ਅਵਸਥਾ ਬਣ ਜਾਂਦੀ ਹੈ, ਉਸਨੂੰ ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ। ਐਸੀ ਹਾਲਤ ਵਿਚ ਜੀਵ ਨੂੰ ਪ੍ਰਭੂ ਦੇ ਦਰ ਤੋਂ ਧੱਕੇ ਖਾਣੇ ਪੈਂਦੇ ਹਨ। ਇਸ ਦੀ ਵਰਤੋਂ ਨਾਲ ਮਾਲਕ ਪ੍ਰਭੂ ਨੂੰ ਭੁਲ ਜਾਈਦਾ ਹੈ ਅਤੇ ਪ੍ਰਭੂ ਦੀ ਦਰਗਾਹ ਵਿਚ ਸਜ਼ਾ ਮਿਲਦੀ ਹੈ, ਇਸ ਲਈ ਅਜਿਹੀ ਸ਼ਰਾਬ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸੁਚੱਜਾ ਤੇ ਅਨੰਦ-ਮਈ ਜੀਵਨ ਜੀ ਰਹੇ ਜੀਵ ਲਈ ਸ਼ਰਾਬ ਦੀ ਵਰਤੋਂ ਤਾਂ ਇਉਂ ਹੈ ਜਿਵੇਂ ਘਿਉ ਵਿਚ ਅੱਗ ਛਡਣਾ। ਸਿੱਖ ਮਤ ਦਾ ਮੂਲ ਹੀ ਨਸ਼ੇ ਦਾ ਤਿਆਗ ਅਤੇ ਗੁਰੂ ਹੁਕਮਾਂ ਨੂੰ ਮੰਨਣਾ ਹੈ।

ਭਗਤ ਰਵਿਦਾਸ ਜੀ ਜਿਹਨਾਂ ਦੀ ਪਾਵਨ ਬਾਣੀ ਆਦਿ ਗਰੰਥ ਵਿਚ ਦਰਜ ਹੈ, ਸ਼ਰਾਬ ਦੀ ਵਰਤੋਂ ਸਬੰਧੀ ਦਸਦੇ ਹਨ : "ਜੇਕਰ ਗੰਗਾ ਵਰਗੇ ਪਵਿਤਰ ਜਲ ਤੋਂ ਵੀ ਸ਼ਰਾਬ ਕਿਉਂ ਨਾ ਬਣਾਈ ਜਾਵੇ ਤਾਂ ਵੀ ਪੀਣ ਯੋਗ ਨਹੀਂ"। ਉਨ੍ਹਾਂ ਦਾ ਫੁਰਮਾਨ ਹੈ :–

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥ (੧੨੯੩)

ਸ਼ਰਾਬ ਦੀ ਵਰਤੋਂ ਕਰਨ ਨਾਲ ਕਈ ਕਿਸਮ ਦੇ ਮਾਨਸਿਕ ਅਤੇ ਸਰੀਰਕ ਰੋਗ ਲੱਗ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥ (੫੫੩)

ਭਾਈ ਦੇਸਾ ਸਿੰਘ ਜੀ, ਜੋ ਗੁਰੂ ਸਾਹਿਬਾਨ ਨਾਲ ਬਹੁਤ ਨੇੜਤਾ ਰੱਖਦੇ ਸਨ, ਰਹਿਤਨਾਮੇ ਵਿਚ ਲਿਖਦੇ ਹਨ–

'ਪਰ ਨਾਰੀ, ਜੂਆ, ਅਸੱਤ, ਚੋਰੀ, ਮਦਰਾ ਜਾਨ ॥
ਪਾਚ ਐਬ ਯਿਹ ਜਗਤ ਮੇ, ਤਜੈ ਸੁ ਸਿੰਘ ਸੁਜਾਨ ॥'

ਡਾ: ਗਿੱਲ ਦੀ ਗੱਲ ਬਿਲਕੁਲ ਦਰੁਸਤ ਹੈ ਕਿ ਸ਼ਰਾਬ ਦੀ ਵਰਤੋਂ ਨਾਲ ਜੀਵ ਮੌਤ ਦੇ ਨੇੜੇ ਨੇੜੇ ਪਹੁੰਚਦਾ ਹੈ। ਅੱਜ ਵਸਦੇ ਘਰ ਤਬਾਹੀ ਵੱਲ ਵੱਧ ਰਹੇ ਹਨ। ਨੌਜਵਾਨ, ਜੋ ਦੇਸ਼ ਦਾ ਅਣਮੁਲਾ ਧਨ ਹਨ, ਬਰਬਾਦੀ ਵਲ ਵਧ ਰਹੇ ਹਨ। ਸਕੂਲਾਂ ਕਾਲਜਾਂ ਵਿਚ ਸ਼ਰਾਬ ਦੀ ਵਰਤੋਂ ਦਾ ਰਿਵਾਜ ਵਧਦਾ ਜਾ ਰਿਹਾ ਹੈ। ਅਧਿਆਪਕ, ਪ੍ਰੋਫੈਸਰ, ਜਿਹਨਾਂ ਨੇ ਬੱਚਿਆਂ ਨੂੰ ਸੁਚੱਜੀ ਜੀਵਨ ਜਾਚ ਸਿਖਾਉਣੀ ਹੈ, ਸ਼ਰਾਬ ਵਿਚ ਮਸਤ ਹਨ।

ਡਾਕਟਰ ਜਿਹਨਾਂ ਲੋਕਾਂ ਨੂੰ ਨਰੋਈ ਸੇਹਤ ਪ੍ਰਦਾਨ ਕਰਨੀ ਹੈ, ਸ਼ਰਾਬ ਦੀ ਮਸਤੀ ਵਿਚ ਆਪ ਹੀ ਮਾਨਸਿਕ ਅਤੇ ਸਰੀਰਕ ਗਿਰਾਵਟ ਵਲ ਵਧ ਰਹੇ ਹਨ। ਜਜ ਤੇ ਪੁਲਸ-ਅਧਿਕਾਰੀ ਜਿਹਨਾਂ ਨੇ ਇਨਸਾਫ਼ ਦਿਵਾਉਣਾ ਹੈ, ਉਹ ਵੀ ਸ਼ਰਾਬ ਵਿਚ ਡੁਬੇ ਪਏ ਹਨ। ਫੌਜ, ਜਿਸ ਨੇ ਬਾਹਰੀ ਹਮਲੇ ਤੋਂ ਦੇਸ਼ ਨੂੰ ਸੁਰਖਿਅਤ ਰਖਣਾ ਹੈ, ਖ਼ੁਦ ਆਪਣੇ ਸਰੀਰ ਨੂੰ ਇਸ ਸ਼ਰਾਬ ਦੇ ਹਮਲੇ ਤੋਂ ਸੁਰੱਖਿਅਤ ਨਹੀਂ ਰਖ ਸਕੀ।

ਸਾਰੇ ਵਿਚਾਰ ਤੋਂ ਬਾਅਦ ਅਸੀਂ ਇਸ ਸਿਟੇ ਤੇ ਪਹੁੰਚਦੇ ਹਾਂ ਕਿ ਸ਼ਰਾਬ ਵਰਗੀ ਸਮਾਜਿਕ ਬੁਰਾਈ ਜੜ੍ਹੋਂ ਉਖੇੜਨ ਲਈ ਹਰ ਪ੍ਰਾਣੀ ਦਾ ਆਪਣਾ ਫਰਜ਼ ਬਣ ਜਾਂਦਾ ਹੈ ਕਿ ਸ਼ਰਾਬੀ ਨਾਲ ਸਮਾਜਿਕ ਬਾਈਕਾਟ ਕਰੋ। ਸਰਕਾਰ ਇਸ ਵੱਧ ਰਹੀ ਬਿਮਾਰੀ ਦੇ ਇਲਾਜ ਲਈ ਕਾਨੂੰਨੀ ਤੌਰ ਤੇ ਇਸ ਦੀ ਵਰਤੋਂ ਤੇ ਪਾਬੰਦੀ ਲਗਾਵੇ, ਤਾਂ ਜੁ ਭਾਰਤ ਵਰਗੀ ਮਹਾਨ ਪਵਿਤਰ ਧਰਤੀ, ਜਿਸ ਨੂੰ ਰਿਸ਼ੀਆਂ, ਅਵਤਾਰਾਂ ਗੁਰੂਆਂ ਤੇ ਪੈਗੰਬਰਾਂ ਦੀ ਛੋਹ ਪ੍ਰਾਪਤ ਹੈ, ਦੀ ਪਵਿਤਰਤਾ ਹਮੇਸ਼ਾ ਕਾਇਮ ਰਹਿ ਸਕੇ। ਅਸੀਂ ਆਰਥਿਕ, ਸਮਾਜਿਕ ਤੇ ਧਾਰਮਿਕ ਪਖੋਂ ਖੁਸ਼ਹਾਲ ਹੋ ਕੇ ਸਮਾਜ ਵਿਚ ਸੁਚੱਜਾ ਜੀਵਨ ਜੀ ਸਕੀਏ ਅਤੇ ਸ਼ਰਾਬ ਵਰਗੀ ਭੈੜੀ ਲਾਹਨਤ ਤੋਂ ਆਪ ਬਚ ਕੇ ਹੋਰਨਾਂ ਨੂੰ ਇਸ ਦੀ ਅਸਲੀਅਤ ਸਮਝਾ ਕੇ ਮਨੁਖਤਾ ਦੇ ਸਚੇ ਹਿੱਤੂ ਅਖਵਾਈਏ। —ਅਜੀਤ, ੨-੭-੮੫



www.AKJ.Org

# ਗੁਰਬਾਣੀ-ਪਾਠਾਂ ਵਿਚ ਪ੍ਰਚਲਤ ਹੋ ਰਹੀਆਂ ਭੁਲਾਂ

ਸ: ਹਰਬੰਸ ਸਿੰਘ ਜੀ ਲਾਇਲਪੁਰੀ ਨੇ, ਜੋ ਹੁਣੇ ਜਿਹੇ ਅਕਾਲ ਚਲਾਣਾ ਕਰ ਗਏ ਹਨ, ਸਾਨੂੰ ਅਕਤੂਬਰ ੧੯੮੪ ਵਿਚ ਲਿਖਿਆ ਸੀ ਕਿ ਅੱਜ ਕਲ੍ਹ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ-ਕੀਰਤਨ ਪ੍ਰਸਾਰਤ ਹੁੰਦਾ ਹੈ, ਪਰ ਕਈ ਰਾਗੀ ਸਿੰਘ ਗੁਰਬਾਣੀ ਦੇ ਪਾਠ-ਉਚਾਰਨ ਦੀ ਸੁਧਾਈ ਵਲ ਪੂਰੀ ਜ਼ਿਮੇਵਾਰੀ ਨਾਲ ਧਿਆਨ ਨਹੀਂ ਦਿੰਦੇ, ਜਿਸ ਕਰਕੇ ਸਿਖ ਸੰਗਤਾਂ ਵਿਚ ਅਸ਼ੁੱਧ ਪਾਠ ਪ੍ਰਚਲਤ ਹੋ ਰਹੇ ਹਨ। ਲਾਇਲਪੁਰੀ ਜੀ ਨੇ ਖਾਸ ਕਰਕੇ ਅਨੰਦ ਸਾਹਿਬ ਦੀ ਤੀਜੀ ਪਉੜੀ ਦੀ ਤੁਕ **"ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ"** ਵਲ ਧਿਆਨ ਦਿਵਾਉਂਦਿਆਂ ਲਿਖਿਆ ਸੀ ਕਿ ਬਹੁਤੇ ਰਾਗੀ "ਜਿਸੁ ਦੇਹਿ ਸੁ ਪਾਵਏ" ਦੀ ਥਾਂ "ਜਿਸੁ ਦੇਵੈ ਸੁ ਪਾਵਏ" ਉਚਾਰਦੇ ਹਨ। ਕਈ ਪਾਠੀ ਤੇ ਗ੍ਰੰਥੀ ਸਿੰਘਾਂ ਪਾਸੋਂ ਵੀ 'ਦੇਹਿ' ਦੀ ਥਾਂ 'ਦੇਵੈ' ਪਾਠ ਸੁਣਨ ਵਿਚ ਆਉਂਦਾ ਹੈ। ਨਤੀਜਾ ਇਹ ਹੋ ਰਿਹਾ ਹੈ ਕਿ ਆਮ ਸਿਖ ਸੰਗਤਾਂ ਵਿਚ ਇਹ ਪਾਠ 'ਦੇਹਿ' ਦੀ ਥਾਂ 'ਦੇਵੈ' ਪ੍ਰਚਲਤ ਹੋ ਰਿਹਾ ਹੈ।

ਇਸੇ ਤਰ੍ਹਾਂ ਹੀ ਆਸਾ ਦੀ ਵਾਰ ਦੇ ਅੰਮ੍ਰਿਤ-ਰਸ ਨੂੰ ਗੁਰਸਿਖ ਨਿਤ ਭੁੰਚਦੇ ਹਨ, ਪਰ ਵਾਰ ਤੇ ਛਕੇ ਛੰਦਾਂ ਦੇ ਪਾਠਾਂ ਤੇ ਸ਼ਬਦ-ਜੋੜਾਂ ਵਲ ਪੂਰਾ ਧਿਆਨ ਨਾ ਦੇਣ ਕਰਕੇ ਹੋ ਰਹੀਆਂ ਭੁਲਾਂ ਰੋਜ਼ ਰੋਜ਼ ਉਸੇ ਤਰ੍ਹਾਂ ਸੁਣਨ ਨਾਲ, ਗਲਤ ਪ੍ਰਚਲਤ ਹੁੰਦੀਆਂ ਜਾ ਰਹੀਆਂ ਹਨ, ਜਿਨ੍ਹਾਂ ਵਲ ਉਚੇਚੇ ਤੌਰ ਤੇ ਧਿਆਨ ਦਿਤੇ ਜਾਣ ਦੀ ਲੋੜ ਹੈ। 'ਸੋ ਦਰੁ' ਦੀ ਪਉੜੀ ਜਪੁਜੀ, ਰਹਰਾਸਿ ਸਾਹਿਬ ਤੇ ਆਸਾ ਰਾਗ ਵਿਚ ਤਿੰਨਾਂ ਥਾਵਾਂ ਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਪਰ ਗਹੁ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਤਿੰਨੀਂ ਥਾਈਂ ਹੀ ਇਸ ਪਉੜੀ ਦੇ ਸ਼ਬਦਾਂ ਵਿਚ ਥੋੜਾ ਥੋੜਾ ਕਰ ਕੇ ਕਈ ਪਾਠਾਂ ਵਿਚ ਫ਼ਰਕ ਹਨ ਅਤੇ ਇਸ ਇਕੋ ਪਉੜੀ ਵਿਚ ਪਾਠਾਂ ਦੇ ਇਹ ਭੇਦ ਪੰਜਾਹ ਦੇ ਕਰੀਬ ਗਿਣੇ ਜਾ ਸਕਦੇ ਹਨ।

ਪੁਰਾਤਨ ਗੁਰਸਿਖ ਗੁਰਬਾਣੀ ਨਾਲ ਬੜਾ ਪਿਆਰ ਕਰਦੇ ਸਨ। ਗੁਰਬਾਣੀ ਦੀਆਂ ਪੋਥੀਆਂ ਲਿਖਣੀਆਂ, ਗੁਰਬਾਣੀ ਕੰਠ ਕਰਨੀ ਅਤੇ ਗੁਰਬਾਣੀ ਦੇ ਪਾਠਾਂ ਦੀ ਸੁਧਾਈ ਕਰਦੇ ਰਹਿਣਾ ਉਨ੍ਹਾਂ ਗੁਰੂ ਕੇ ਲਾਲਾਂ ਦੇ ਜੀਵਨ ਦਾ ਸਭ ਤੋਂ ਜ਼ਰੂਰੀ ਉਦੇਸ਼ ਹੁੰਦਾ ਸੀ। ਅੱਜ ਇਸ ਨਿਸ਼ਾਨੇ ਵਲੋਂ ਅਸੀਂ ਬਹੁਤ ਪਿਛੇ ਰਹਿੰਦੇ ਜਾ ਰਹੇ ਹਾਂ ਅਤੇ ਇਸ ਅਨਗਹਿਲੀ ਕਰਕੇ ਗੁਰਬਾਣੀ ਦੇ ਪਾਠ ਸਿਖ ਸੰਗਤਾਂ ਵਿਚ ਅਸ਼ੁਧ ਪ੍ਰਚਲਤ ਹੋ ਰਹੇ ਹਨ, ਜਿਨ੍ਹਾਂ ਨੂੰ ਦਰੁਸਤ ਕਰਨਾ ਦਿਨ-ਬਦਿਨ ਮੁਸ਼ਕਲ ਹੋ ਰਿਹਾ ਹੈ।

ਆਸਾ ਦੀ ਵਾਰ ਦਾ ਕੀਰਤਨ ਦੇਸ ਪ੍ਰਦੇਸਾਂ ਵਿਚ ਨਿਤ ਕੀਤਾ ਜਾਂਦਾ ਹੈ, ਪਰ ਇਸ ਅਤਿ ਮਹਾਨਤਾ ਵਾਲੀ ਬਾਣੀ ਦੇ ਪਾਠਾਂ ਤੇ ਸ਼ਬਦ-ਜੋੜਾਂ ਵਲ ਪੂਰੀ ਤਵੱਜੋ ਨਾ ਦੇਣ ਕਰਕੇ ਸਹਿਵਨ ਹੀ ਅਨੇਕਾਂ ਪਾਠ ਅਸ਼ੁਧ ਪ੍ਰਚਲਤ ਹੁੰਦੇ ਜਾ ਰਹੇ ਹਨ। ਹੇਠਾਂ ਅਸੀਂ ਆਸਾ ਦੀ ਵਾਰ ਅਤੇ ਛੱਕੇ ਛੰਤਾਂ ਵਿਚ ਜੋ ਪ੍ਰਚਲਤ ਭੁਲਾਂ ਹੋ ਰਹੀਆਂ ਹਨ ਉਨ੍ਹਾਂ ਵਲ ਸਿਖ ਸੰਗਤਾਂ ਦਾ ਧਿਆਨ ਦੁਆ ਰਹੇ ਹਾਂ। ਲੋੜ ਹੈ ਕਿ ਇਨ੍ਹਾਂ ਅਤੇ ਹੋਰ ਅਸ਼ੁਧ ਕੀਤੇ ਜਾ ਰਹੇ ਪਾਠਾਂ ਨੂੰ ਸੋਧ ਕੇ ਉਚਾਰਨ ਕੀਤੇ ਜਾਣ ਲਈ ਵਧ ਤੋਂ ਵਧ ਉਪਰਾਲੇ ਕੀਤੇ ਜਾਣ।

ਬਾਣੀ ਵਿਚ ਲਗੀਆਂ ਸਿਹਾਰੀਆਂ, ਬਿਹਾਰੀਆਂ ਤੇ ਔਂਕੜਾਂ ਵਲ ਪੂਰਾ ਧਿਆਨ ਨਾ ਦਿਤੇ ਜਾਣ ਕਾਰਨ ਕਈ ਵਾਰ ਅਸੀਂ ਬਾਣੀ ਦੇ ਅਸਲੀ ਭਾਵ ਨੂੰ ਹੀ ਬਦਲਣ ਦੇ ਦੋਸ਼ੀ ਬਣ ਜਾਂਦੇ ਹਨ, ਜਿਹਾ ਕਿ ਆਸਾ ਦੀ ਵਾਰ ਦੀ ੧੭ਵੀਂ ਪਉੜੀ ਦਾ ਸਲੋਕ ਹੈ—

ਜੇ ਮੋਹਾਕਾ ਘਰੁ ਮੁਹੈ ਘਰੁ 'ਮੁਹਿ' ਪਿਤਰੀ ਦੇਇ ॥



www.AKJ.Org

ਇਸ ਤੁਕ ਵਿਚ 'ਘਰੁ ਮੁਹਿ ਪਿਤਰੀ ਦੇਇ' ਪਾਠ ਹੈ, ਪਰ 'ਮੁਹਿ' ਦਾ ਔਂਕੜ ਗਹੁ ਨਾਲ ਨਾ ਦੇਖਣ ਕਰਕੇ ਅਸੀਂ ਕਾਹਲੀ ਵਿਚ ਪਾਠ 'ਘਰੁ ਮਹਿ' ਕਰ ਜਾਂਦੇ ਹਾਂ ਅਤੇ 'ਮੁਹਿ' ਦਾ ਔਂਕੜ ਉਚਾਰਦੇ ਹੀ ਨਹੀਂ। 'ਘਰੁ ਮੁਹਿ' ਦਾ ਅਰਥ ਹੈ 'ਘਰ ਲੁਟ ਕੇ', ਅਤੇ 'ਘਰ ਮਹਿ' ਦਾ ਅਰਥ ਹੈ 'ਘਰ ਵਿਚ'। ਸੱਚੇ ਪਾਤਸ਼ਾਹ ਜੀ ਨੇ ਪਿਤਰਾਂ ਨਮਿਤ ਸ਼ਰਾਧ ਕਰਾਉਣ ਵਾਲੇ ਪ੍ਰਾਣੀਆਂ ਨੂੰ ਸਮਝਾਉਣ ਲਈ ਫੁਰਮਾਇਆ ਹੈ ਕਿ ਜੇ ਕੋਈ ਕਿਸੇ ਦਾ ਘਰ ਲੁਟ ਕੇ, ਚੋਰੀ ਦਾ ਮਾਲ ਪਿਤਰਾਂ ਨਮਿਤ ਦਾਨ ਕਰਦਾ ਹੈ (ਅਤੇ ਜੇ ਉਹ ਸਚਮੁਚ ਪਿਤਰ-ਲੋਕ ਵਿਚ ਪਹੁੰਚਦਾ ਹੋਵੇ ਤਾਂ) ਲੁਟ ਤੇ ਚੋਰੀ ਦਾ ਮਾਲ ਪਰਲੋਕ (ਪਿਤਰ ਲੋਕ) ਵਿਚ ਪਛਾਣਿਆ ਜਾਣਾ ਹੈ, ਜਿਸ ਦਾ ਨਤੀਜਾ ਇਹ ਹੋਵੇਗਾ ਕਿ ਪਿਤਰਾਂ ਪਾਸੋਂ ਚੋਰੀ ਦਾ ਮਾਲ ਬਰਾਮਦ ਹੋਣ ਕਰਕੇ ਪਿਤਰ ਚੋਰ ਗਰਦਾਨੇ ਜਾਣਗੇ। 'ਘਰੁ ਮੁਹਿ ਪਿਤਰੀ ਦੇਇ' ਦੀ ਥਾਂ 'ਘਰ ਮਹਿ ਪਿਤਰੀ ਦੇਇ' ਪਾਠ ਕਰਨ ਨਾਲ ਅਰਥ ਬਣਦੇ ਹਨ "ਘਰ ਵਿਚ ਪਿਤਰਾਂ ਨੂੰ ਦੇਂਦਾ ਹੈ।" ਤੇ ਪਿਤਰਾਂ ਤਾਂ ਪਰਲੋਕ ਵਿਚ ਹੁੰਦੇ ਹਨ, ਘਰ ਵਿਚ ਨਹੀਂ।

ਇਸੇ ਤਰ੍ਹਾਂ ਅਸੀਂ ਕਈ ਵਾਰ ਅਭੋਲ ਹੀ ਬਿਹਾਰੀ ਦੀ ਥਾਂ ਸਿਹਾਰੀ ਉਚਾਰ ਜਾਂਦੇ ਹਾਂ, ਜਿਹਾ ਕਿ ਪੰਜਵੀਂ ਪਉੜੀ ਦੇ ਦੂਜੇ ਸਲੋਕ ਵਿਚ ਤੁਕ ਹੈ—

ਪੰਖੀ '**ਭਉਦੀਆ**' ਲੈਨਿ ਨ ਸਾਹ ॥

'ਪੰਖੀ ਭਉਦੀਆ' ਦੀ ਥਾਂ 'ਪੰਖੀ ਭਉਦਿਆ' ਅਸ਼ੁਧ ਪਾਠ ਆਮ ਸੁਣਨ ਵਿਚ ਆਉਂਦਾ ਹੈ। ਗੁਰਬਾਣੀ ਵਿਚ 'ਪੰਖੀ' ਸ਼ਬਦ ਇਸਤ੍ਰੀ ਲਿੰਗ ਰੂਪ ਵਿਚ ਕਈ ਥਾਈਂ ਮਿਲਦਾ ਹੈ, ਜਿਹਾ ਕਿ—

ਚਲਿ ਚਲਿ '**ਗਈਆਂ ਪੰਖੀਆ**' ਜਿਨੀ ਵਸਾਏ ਤਲ ॥੬੬॥ ਸਲੋਕ ਫਰੀਦ ਜੀ

ਫਿਰ ਇਨ੍ਹਾਂ ਤੁਕਾਂ ਵਿਚ ਸਿਹਾਰੀਆਂ ਦੀ ਥਾਂ ਬਿਹਾਰੀਆਂ ਵਲ ਧਿਆਨ ਦੇਣ ਦੀ ਲੋੜ ਹੈ—

ਹਉ ਮੂਰਖੁ ਕਾਰੈ '**ਲਾਈਆ**' ਨਾਨਕ ਹਰਿ ਕੰਮੇ ॥ (ਸਤਵੇਂ ਛਕੇ ਵਿਚ 'ਲਾਈਆ' ਬਿਹਾਰੀ ਨਾਲ ਹੈ।

ਜਿਨਾ ਗੁਰਬਾਣੀ ਮਨਿ '**ਭਾਈਆ**' ਅੰਮ੍ਰਿਤਿ ਛਕਿ ਛਕ ॥

(ਅਠਵੇਂ ਛਕੇ ਵਿਚ 'ਭਾਈਆ' ਬਿਹਾਰੀ ਨਾਲ ਹੈ।)

ਜਿਵੇਂ ਬਿਹਾਰੀਆਂ ਦੀ ਥਾਂ ਸਿਹਾਰੀਆਂ ਭੁਲੇਖੇ ਵਿਚ ਉਚਾਰਨ ਹੋ ਰਹੀਆਂ ਹਨ, ਇਵੇਂ ਹੀ ਕਈ ਥਾਂ ਸਿਹਾਰੀਆਂ ਦੀ ਥਾਂ ਬਿਹਾਰੀਆਂ ਹੀ ਉਚਾਰੀ ਜਾਂਦੇ ਹਾਂ, ਜਿਨ੍ਹਾਂ ਦੀ ਸੁਧਾਈ ਕਰਨੀ ਜ਼ਰੂਰੀ ਹੈ। ਜਿਹਾ ਕਿ—

(ੳ) ਸਤਿਗੁਰਿ 'ਮਿਲਿਐ' ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ ॥ (ਪਉੜੀ ੪ ਵਿਚ 'ਮਿਲਿਐ')

(ਅ) '**ਪਇਐ**' ਕਿਰਤਿ ਨਚੈ ਸਭੁ ਕੋਇ ॥ (ਪਉੜੀ ੫ ਦੇ ਸਲੋਕ ਵਿਚ 'ਪਇਐ')

(ੲ) ਨਾਉ ਤੇਰਾ ਨਿਰੰਕਾਰੁ ਹੈ '**ਨਾਇ ਲਇਐ**' ਨਰਕਿ ਨ ਜਾਈਐ ॥ (ਪਉੜੀ ੫ ਵਿਚ 'ਨਾਇ ਲਇਐ')

(ਸ) ਸਤਿਗੁਰਿ 'ਮਿਲਿਐ' ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ (ਪਉੜੀ ੬ ਵਿਚ 'ਮਿਲਿਐ')

(ਹ) ਸਤਿਗੁਰਿ 'ਮਿਲਿਐ' ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥ (ਪਉੜੀ ੮ ਵਿਚ 'ਮਿਲਿਐ')

(ਕ) ਸਤਿਗੁਰ ਵਿਟਹੁ ਵਾਰਿਆ ਜਿਤੁ 'ਮਿਲਿਐ' ਖਸਮੁ ਸਮਾਲਿਆ ॥ (ਪਉੜੀ ੧੩ ਵਿਚ 'ਮਿਲਿਐ')

(ਖ) ਨਾਇ '**ਮੰਨਿਐ**' ਪਤਿ ਊਪਜੈ ਸਾਲਾਹੀ ਸਚੁ ਸੂਤੁ ॥ (ਪਉੜੀ ੧੫ ਦੇ ਸਲੋਕ ਵਿਚ 'ਮੰਨਿਐ')

(ਗ) ਹੁਕਮੁ '**ਮੰਨਿਐ**' ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ (ਪਉੜੀ ੧੫ ਵਿਚ 'ਮੰਨਿਐ')

(ਘ) ਨਾਨਕ ਫਿਕੈ '**ਬੋਲਿਐ**' ਤਨੁ ਮਨੁ ਫਿਕਾ ਹੋਇ ॥ (ਪਉੜੀ ੨੦ ਦੇ ਸਲੋਕ ਵਿਚ 'ਬੋਲਿਐ')

(ਙ) ਜਿਤੁ '**ਸੇਵਿਐ**' ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥ (ਪਉੜੀ ੨੧ ਵਿਚ 'ਸੇਵਿਐ')

ਇਹੋ ਜਿਹੇ ਹੀ ਸ਼ਬਦ-ਜੋੜ 'ਸੀਸ ਨਿਵਾਇਐ,' 'ਨਾਇ ਮੰਨਿਐ,' 'ਨਾਮਿ ਲਇਐ' ਆਦਿ ਵਿਚ ਸਿਹਾਰੀ ਤੇ ਐੜਾ ਦੁਲਾਵਾਂ ਵਾਲੇ ਹਨ, ਪਰ ਬਿਹਾਰੀ ਤੇ ਈੜੀ ਲਾਂ ਨਾਲ ਨਹੀਂ ਹਨ।


www.AKJ.Org

ਕਈ ਥਾਂ 'ਭਿ' ਦੀ ਥਾਂ 'ਭੀ' 'ਨੋ' ਦੀ ਥਾਂ 'ਨੂੰ', 'ਅਤੈ' ਦੀ ਥਾਂ 'ਅਤੇ', 'ਉਚੇ' ਦੀ ਥਾਂ 'ਊਚੇ' ਪਾਠ ਵੀ ਭੁਲੇਖੇ ਵਿਚ ਉਚਾਰੇ ਜਾ ਰਹੇ ਹਨ। ਜਿਹਾ ਕਿ–

(ੳ) ਏਵ 'ਭਿ' ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ (ਸ਼ੁਧ 'ਭਿ', ਸਲੋਕ ਪਉੜੀ ੨)

(ਅ) ਕਿਸ 'ਨੋ' ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥ (ਸ਼ੁਧ 'ਨੋ', ਸਲੋਕ ਪਉੜੀ ੨੪)

(ੲ) ਗੋਹੈ 'ਅਤੈ' ਲਕੜੀ ਅੰਦਰਿ ਕੀੜਾ ਹੋਇ ॥ (ਸ਼ੁਧ 'ਅਤੈ', ਸਲੋਕ ਪਉੜੀ ੧੮)

(ਸ) 'ਉਚੇ' ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥ (ਸ਼ੁਧ 'ਉਚੇ', ਸਲੋਕ ਪਉੜੀ ੧੧)

(ਹ) ਚੋਰਾ ਜਾਰਾ 'ਤੈ' ਕੂੜਿਆਰਾ ਖਾਰਾਬਾ ਵੇਕਾਰ ॥ (ਸ਼ੁਧ 'ਤੈ', ਸਲੋਕ ਪਉੜੀ ੬)

ਗੁਰਬਾਣੀ ਵਿਚ 'ਨੂੰ' ਪਾਠ ਕਿਤੇ ਨਹੀਂ ਮਿਲਦਾ, ਸਭ ਥਾਈਂ 'ਨੋ' ਹੀ ਹੈ ਅਤੇ ਅਥਵਾ ਦੇ ਅਰਥਾਂ ਵਿਚ 'ਤੇ' 'ਅਤੇ' ਪਾਠ ਵੀ ਕਿਤੇ ਨਹੀਂ ਹੈ, ਸਭ ਥਾਈਂ 'ਤੈ' 'ਅਤੈ' ਹੀ ਪਾਠ ਹੈ, ਪਾਠ ਕਰਨ ਸਮੇਂ ਇਨ੍ਹਾਂ ਨੂੰ ਗਹੁ ਨਾਲ ਵੇਖ ਕੇ ਉਚਾਰਨ ਦੀ ਲੋੜ ਹੈ।

ਹੁਣ ਅਸੀਂ ਕੁਝ ਹੋਰ ਅਸ਼ੁਧ ਪ੍ਰਚਲਾਤ ਹੋ ਰਹੇ ਪਾਠਾਂ ਦਾ ਜ਼ਿਕਰ ਕਰਦੇ ਹਾਂ—

(ੳ) ਗੁਰਮੁਖਿ ਰੰਗਿ ਚਲੂਲਿਆ ਮੇਰਾ 'ਮਨੁ ਤਨੋ' ਭਿੰਨਾ ॥ (ਸ਼ੁਧ 'ਮਨੁ ਤਨੋ', ਛਕਾ ਪਉੜੀ ੧)

ਪਰ ਪੰਜਵੀਂ ਪਉੜੀ ਦੇ ਛਕੇ ਵਿਚ 'ਮੇਰਾ ਮਨੁ ਤਨੁ ਵਿਧਾ' ਹੈ।

(ਅ) ਓਥੈ '**ਸਚੇ ਹੀ ਸਚਿ**' ਨਿਬੜੈ ...... ('ਸਚੋ ਹੀ ਸਚ' ਅਸ਼ੁਧ, ਪਉੜੀ ੨)

(ੲ) '**ਸਚੈ**' ਸਭਿ ਤਾਨਿ'**ਸਚੈ**'ਸਭਿ ਜੋਰਿ ॥ (ਇਸ ਤੁਕ ਵਿਚ ਦੋਵੇਂ ਵਾਰ 'ਸਚੈ' ਪਾਠ ਸ਼ੁਧ ਹੈ,ਸਲੋਕ ਪਉੜੀ ੨)

(ਸ) ਚੋਰਾ '**ਜਾਰਾ**' ਤੈ ਕੂੜਿਆਰਾ ਖਾਰਾਬਾ ਵੇਕਾਰ ॥ ('ਯਾਰਾ' ਅਸ਼ੁਧ, ਸਲੋਕ ਪਉੜੀ ੬)

(ਹ) ਲਖ ਚੋਰੀਆ ਲਖ 'ਜਾਰੀਆ' ਲਖ ਕੂੜੀਆ ਲਖ ਗਾਲਿ ॥ ('ਯਾਰੀਆ' ਅਸ਼ੁਧ, ਸਲੋਕ ਪਉੜੀ ੧੫)

(ਕ) ਸੇਵ ਕੀਤੀ '**ਸੰਤੋਖੀਈ**' ਜਿਨ੍ਹੀ ਸਚੋ ਸਚੁ ਧਿਆਇਆ ॥

। ਸੰਤੋਖੀਈ' ਆਖ਼ਰੀ ਬਿਹਾਰੀ ਤੋਂ ਪਹਿਲਾਂ ਬਿੰਦੀ, ਪਉੜੀ ੭)

(ਖ) ਏਨਾ ਜੰਤਾ ਕੈ ਵਸਿ ਕਿਛੁ '**ਨਾਹੀ**' ਤੁਧੁ ਵੇਕੀ ਜਗਤੁ ਉਪਾਇਆ ॥ ('ਨਾਹੀ' ਕੰਨੇ ਨਾਲ, ਪਉੜੀ ੧੧)

(ਗ) ਕਿਛੁ ਹਾਥਿ ਕਿਸੈ ਦੈ ਕਿਛੁ '**ਨਾਹੀ**' ਸਭਿ ਚਲਹਿ ਚਲਾਏ ॥ ('ਨਾਹੀ' ਕੰਨੇ ਨਾਲ, ਛਕਾ ਪਉੜੀ ੧੫)

(ਘ) ਹਰਿ ਸੰਤਾ ਨੋ ਹੋਰ ਥਾਉ '**ਨਾਹੀ**' ਹਰਿ ਮਾਣੁ ਨਿਮਾਣੇ ॥ ('ਨਾਹੀ' ਕੰਨੇ ਨਾਲ, ਛਕਾ ਪਉੜੀ ੧੭)

(ਙ) ਹਰਿ ਨਾਮੁ ਸਲਾਹਹ '**ਦਿਨੁ ਰਾਤਿ**' ਏਹਾ ਆਸ ਆਧਾਰੋ ॥ ('ਦਿਨੁ ਰਾਤਿ' ਸ਼ੁਧ, ਛਕਾ ਪਉੜੀ ੧੧)

(ਚ) ਹਮ ਭੂਲਿ ਵਿਗਾੜਹ '**ਦਿਨਸੁ ਰਾਤਿ**' ਹਰਿ ਲਾਜ ਰਖਾਏ ॥ ('ਦਿਨਸੁ ਰਾਤਿ' ਸ਼ੁਧ, ਛਕਾ ਪਉੜੀ ੧੨)

(ਛ) 'ਜਿਨ' ਮਸਤਕਿ ਧੁਰਿ ਹਰਿ ਲਿਖਿਆ 'ਤਿਨਾ' ਸਤਿਗੁਰੁ.. ...('ਜਿਨ' ਤੇ 'ਤਿਨਾ' ਸ਼ੁਧ, ਛਕਾ ਪਉੜੀ ੧੩)

(ਜ) '**ਜਿਨਾ**' ਭੇਟਿਆ ਮੇਰਾ ਪੂਰਾ ਸਤਿਗੁਰੂ '**ਤਿਨ**' ਹਰਿ ਨਾਮੁ ...('ਜਿਨਾ' ਤੇ'ਤਿਨ' ਸ਼ੁਧ, ਛਕਾ ਪਉੜੀ ੨੧)

(ਝ) '**ਜਿਨਾ**' ਅੰਤਰਿ ਗੁਰਮੁਖਿ ਪ੍ਰੀਤਿ ਹੈ '**ਤਿਨ**' ਹਰਿ ਰਖਣਹਾਰਾ...('ਜਿਨਾ' ਤੇ 'ਤਿਨ' ਸ਼ੁਧ ਛਕਾ ਪਉੜੀ ੨੩)

(ਞ) '**ਜਿਨਾ** ਨਾਨਕ ਗੁਰਮੁਖਿ ਹਿਰਦਾ ਸੁਧੁ ਹੈ...... ( ਜਿਨਾ ਨਾਨਕ' ਸ਼ੁਧ, ਛਕਾ ਪਉੜੀ ੧੯)

(ਟ) '**ਜਿਨ ਨਾਨਕੁ**' ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ ('ਜਿਨ ਨਾਨਕੁ' ਸ਼ੁਧ, ਛਕਾ ਪਉੜੀ ੧੮)

(ਠ) '**ਜਿਨਾ ਨਾਨਕੁ**' ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ ॥ ('ਜਿਨਾ ਨਾਨਕੁ' ਸ਼ੁਧ, ਛਕਾ ਪਉੜੀ ੨੨)

ਇਨ੍ਹਾਂ ਉਪਰਲੀਆਂ ਤਿੰਨਾਂ ਤੁਕਾਂ ਵਿਚ ਪੂਰਾ ਧਿਆਨ ਨਾ ਦੇਣ ਕਰਕੇ 'ਜਿਨ ਨਾਨਕ' ਤੇ 'ਜਿਨਾ ਨਾਨਕ' ਦੀ ਥਾਂ ਬਾਕੀ ਛਕਿਆਂ ਦੀਆਂ ਆਖ਼ਰੀ ਤੁਕਾਂ ਵਾਂਗ 'ਜਨ ਨਾਨਕ' ਹੀ ਉਚਾਰਦੇ ਤੁਰੇ ਜਾਂਦੇ ਹਾਂ।

(ਡ) ਨੀਲ '**ਵਸਤ੍ਰ**' ਪਹਿਰਿ ਹੋਵਹਿ ਪਰਵਾਣੁ ॥ ('ਵਸਤ੍ਰ' ਸ਼ੁਧ, ਸਲੋਕ ਪਉੜੀ ੧੬)

੯ਵੀਂ ਪਉੜੀ ਦੇ ਸਲੋਕ ਵਿਚ 'ਬਸਤ੍ਰ ਨ ਪਹਿਰੈ' ਹੈ। (ਇਥੇ 'ਬਸਤ੍ਰ' ਸ਼ੁਧ ਹੈ)



www.AKJ.Org

(ਢ) 'ਸੂਚੇ' ਏਹਿ ਨ ਆਖੀਅਹਿ......'ਸੂਚੇ' ਸੇਈ ਨਾਨਕਾ...... ('ਸੂਚੇ' ਸ਼ੁਧ, ਸਲੋਕ ਪਉੜੀ ੧੭)
(ਣ) ਗੁਰਸਿਖਾ ਮਨਿ ਵਾਧਾਈਆ ਜਿਨਾ ਮੇਰਾ 'ਸਤਿਗੁਰੂ' ਡਿਠਾ ..... ('ਸਤਿਗੁਰੂ' ਸ਼ੁਧ, ਛਕਾ ਪਉੜੀ ੨੦)
(ਤ) ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ 'ਨਵੇ' ॥ ('ਨਿਵੇ' ਅਸ਼ੁਧ, ਸਲੋਕ ਪਉੜੀ ੧੧)

ਕੁਝ ਹੋਰ ਧਿਆਨ ਗੋਚਰੇ ਪਾਠ ਹਨ—

(ੳ) ਗਿਆਨੁ ਨ 'ਗਲੀਈ' ਢੂਢੀਐ ਕਥਨਾ ਕਰੜਾ ਸਾਰ ॥ ('ਗਲੀ' ਅਸ਼ੁਧ, ਸਲੋਕ ਪਉੜੀ ੪)
(ਅ) ਘੜੀਆ ਸਭੇ ਗੋਪੀਆ 'ਪਹਰ' ਕੰਨੑ ਗੋਪਾਲ ॥ ('ਪਹਰੇ' ਅਸ਼ੁਧ, ਸਲੋਕ ਪਉੜੀ ੫)
(ੲ) ਜੋ ਆਇਆ ਸੋ ਚਲਸੀ ਸਭੁ 'ਕੋਈ' ਆਈ ਵਾਰੀਐ ॥ ('ਕੋ' ਅਸ਼ੁਧ, ਪਉੜੀ ੨੦)
(ਸ) ਨਾਨਕ ਸਾ 'ਕਰਮਾਤਿ' ਸਾਹਿਬ ਤੁਠੈ ਜੋ ਮਿਲੈ ॥ ('ਕਰਾਮਾਤਿ' ਅਸ਼ੁਧ, ਸਲੋਕ ਪਉੜੀ ੨੩)
(ਹ) ਸੋ ਕਰੇ 'ਜਿ' ਤਿਸੈ ਰਜਾਇ ॥ ('ਜੋ' ਅਸ਼ੁਧ, ਪਉੜੀ ੨੪)
(ਕ) ਖੇਤੈ ਅੰਦਰਿ ਛੁਟਿਆ ਕਹੁ ਨਾਨਕ 'ਸਉ' ਨਾਹਿ ॥ ('ਸਹੁ' ਜਾਂ 'ਸਿਉ' ਅਸ਼ੁਧ, ਸਲੋਕ ਪਉੜੀ ੧)
(ਖ) ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ ('ਪ੍ਰੇਮ' ਜਾਂ 'ਪਰਿਮ' ਅਸ਼ੁਧ, ਛਕਾ ਪਉੜੀ ੨)

(ਗ) ਕੋ ਰਹੈ ਨ 'ਭਰੀਐ ਪਾਈਐ' ਦੀ ਥਾਂ 'ਕੋ ਰਹੇ ਨ ਭਰੀਏ ਪਾਈਏ' ਉਚਾਰਨਾ ਅਸ਼ੁਧ ਹੈ। ਇਸ ਤਰ੍ਹਾਂ ਦੇ ਭੁਲੇਖਾ ਲਗਣ ਵਾਲੇ ਦੁਲਾਵਾਂ ਸਹਿਤ ਅੱਖਰ ਆਸਾ ਦੀ ਵਾਰ ਵਿਚ ਸਾਢੇ ਤਿੰਨ ਸੌ ਦੇ ਕਰੀਬ ਹਨ, ਜੋ ਧਿਆਨ ਯੋਗ ਹਨ। ਨਮੂਨੇ ਮਾਤਰ ਹੇਠਾਂ ਕੁਝ ਸ਼ਬਦ ਦਿੰਦੇ ਹਾਂ—

ਆਖੀਐ, ਸੁਝੀਐ, ਜਾਈਐ, ਆਈਐ, ਘਾਲੀਐ, ਨਿਹਾਲੀਐ, ਸਾਜੀਐ,
ਆਪਣੈ, ਖੇਤੈ, ਆਪੀਨੈੑ, ਸਭਸੈ, ਹਸੈ, ਰੋਵੈ, ਜਾਣੈ, ਉਪਾਇ ਕੈ, ਹੋਇ ਕੈ, ਆਦਿ।

ਉਚਾਰਨ ਨੂੰ ਸਪਸ਼ਟ ਨਿਖੇੜ ਕੇ ਪੜ੍ਹਨ ਵਲ ਅਸੀਂ ਧਿਆਨ ਨਹੀਂ ਦੇ ਰਹੇ। ਜਿਹਾ ਕਿ ਨੌਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਪੜੀਐ, ਪੜੀਅਹਿ, ਪਾਈਐ, ਗਡੀਅਹਿ ਆਦਿ ਦਾ ਉਚਾਰਨ ਤੇ ਅਰਥ ਵਖ ਵਖ ਹਨ, ਗਹੁ ਨਾਲ ਪੜ੍ਹ ਵੇਖੀਏ—

ਪੜਿ ਪੜਿ ਗਡੀ 'ਲਦੀਅਹਿ' ਪੜਿ ਪੜਿ 'ਭਰੀਅਹਿ' ਸਾਥ ॥
ਪੜਿ ਪੜਿ ਬੇੜੀ 'ਪਾਈਐ' ਪੜਿ ਪੜਿ 'ਗਡੀਅਹਿ' ਖਾਤ ॥
'ਪੜੀਅਹਿ' ਜੇਤੇ ਬਰਸ ਬਰਸ 'ਪੜੀਅਹਿ' ਜੇਤੇ ਮਾਸ ॥
'ਪੜੀਐ' ਜੇਤੀ ਆਰਜਾ 'ਪੜੀਅਹਿ' ਜੇਤੇ ਸਾਸ ॥

ਆਸਾ ਦੀ ਵਾਰ ਦੇ ਪਾਠਾਂ ਵਿਚ ਹੋ ਰਹੀਆਂ ਭੁਲਾਂ ਵੰਨਗੀ ਮਾਤਰ ਅਸਾਂ ਕੁਝ ਤੁਕਾਂ ਦੇ ਕੇ ਦਿਤੀਆਂ ਹਨ। ਇਹੋ ਜਿਹੀਆਂ ਹੋਰ ਕਈ ਹੋ ਰਹੀਆਂ ਭੁਲਾਂ, ਤੁਕਾਂ ਨੂੰ ਗਹੁ ਨਾਲ ਤੇ ਪੂਰੇ ਧਿਆਨ ਨਾਲ ਵੇਖਿਆਂ ਅਸੀਂ ਲਭ ਸਕਦੇ ਹਾਂ।

ਆਸਾ ਦੀ ਵਾਰ ਤੋਂ ਇਲਾਵਾ ਗੁਰਬਾਣੀ ਦੇ ਹੋਰ ਅਨੇਕਾਂ ਪਾਠਾਂ ਵਿਚ ਸ਼ਬਦ ਜੋੜਾਂ ਵਲ ਪੂਰਾ ਧਿਆਨ ਨਾ ਦੇਣ ਕਰਕੇ ਉਚਾਰਨ ਵਿਚ ਭੁਲਾਂ ਹੋ ਰਹੀਆਂ ਹਨ ਜਿਨ੍ਹਾਂ ਵਲ ਪੰਥਕ ਤੌਰ ਤੇ ਪੂਰੀ ਤਵੱਜੋ ਦੇਣ ਦੀ ਲੋੜ ਹੈ। ਜੇ ਅਸੀਂ ਆਪਣੇ ਕੀਮਤੀ ਤੇ ਅਮੋਲਕ ਖ਼ਜ਼ਾਨੇ ਦੀ ਪੂਰੀ ਸਾਂਭ ਸੰਭਾਲ ਤੇ ਠੀਕ ਵਰਤੋਂ ਵਲੋਂ ਅਨਗਹਿਲੀ ਕਰਾਂਗੇ ਤਾਂ ਕੌਮ ਦੀ ਇਹ ਬਦਕਿਸਮਤੀ ਹੀ ਹੋਵੇਗੀ।


www.AKJ.Org

# ਅਸਰਦਾਇਕ ਧਾਰਮਿਕ ਪ੍ਰਚਾਰ

ਪ੍ਰਚਾਰ ਕੀ ਹੈ ? ਖ਼ਿਆਲਾਂ ਦਾ ਅਸਰ ਦੇਣਾ ਅਤੇ ਲੈਣਾ। ਕਿਸੇ ਖਿਆਲ, ਕਲਪਨਾ ਜਾਂ ਗਿਆਨ ਨੂੰ ਲੋਕਾਂ ਤਾਈਂ ਪਹੁੰਚਾਣਾ, ਉਨ੍ਹਾਂ ਦੇ ਮਨਾਂ ਤੇ ਅਸਰ ਪਾ ਕੇ ਕਿਸੇ ਖ਼ਾਸ ਨਿਸਚੇ ਜਾਂ ਗਿਆਨ ਵਲ ਪ੍ਰੇਰਨ ਜਾਂ ਕਾਇਲ ਕਰਨ ਨੂੰ ਪ੍ਰਚਾਰ ਕਹਿੰਦੇ ਹਨ।

ਅੱਜ ਕਲ੍ਹ ਪ੍ਰਚਾਰ ਕਰਨ ਲਈ ਕਈ ਸਾਧਨ ਵਰਤੇ ਜਾਂਦੇ ਹਨ :—

੧. ਸਰੀਰਕ ਸਾਧਨ : ਜਿਸ ਤਰ੍ਹਾਂ ਕਿ ਇਕੱਠੇ ਹੋ ਕੇ ਸਤਿਸੰਗ ਕਰਨਾ, ਕੀਰਤਨ, ਲੈਕਚਰ, ਕਥਾ, ਪਾਠ, ਪੂਜਾ ਤੇ ਹੋਰ ਅਨੇਕ ਕਰਮ ਕਾਂਡਾਂ ਦੁਆਰਾ ਪ੍ਰਚਾਰ ਕਰਨਾ।

੨. ਮਾਨਸਿਕ ਸਾਧਨ : ਧਾਰਮਿਕ ਨਿਸਚਿਆਂ ਜਾਂ ਗਿਆਨ ਦਾ ਲਿਖਤੀ ਪ੍ਰਚਾਰ ਕਰਨਾ; ਜਿਸ ਤਰ੍ਹਾਂ ਕਿ ਧਾਰਮਿਕ ਗ੍ਰੰਥਾਂ, ਕਿਤਾਬਾਂ ਜਾਂ ਲੇਖਾਂ ਦੁਆਰਾ।

੩. ਵਿਗਿਆਨਕ ਸਾਧਨ : ਰੇਡੀਓ, ਟੀ. ਵੀ., ਕੈਸਟ ਰਾਹੀਂ ਰੀਕਾਰਡ ਕੀਤੇ ਲੈਕਚਰ, ਕਥਾ ਤੇ ਕੀਰਤਨ ਦੁਆਰਾ ਪ੍ਰਚਾਰ ਕਰਨਾ।

**੪. ਸ਼ਖਸੀਅਤ ਅਤੇ ਵਾਤਾਵਰਣ ਦੇ ਪ੍ਰਭਾਵ ਰਾਹੀਂ : ਇਹ ਅਣਡਿਠ ਤਰੀਕੇ ਨਾਲ ਅਛੋਪ ਹੀ, ਸਹਿਜ ਸੁਭਾਏ, ਅਤਿ ਡੂੰਘ ਅਸਰਦਾਇਕ ਪ੍ਰਚਾਰ ਦਾ ਸਾਧਨ ਹੈ।**

ਪਹਿਲੇ ਤਿੰਨੇ ਪ੍ਰਚਾਰ ਦੇ ਸਾਧਨ ਅਸਥੂਲ ਦੁਨੀਆ ਜਾਂ 'ਤ੍ਰੈਗੁਣਾਂ' ਦੇ ਸਾਧਨ ਹਨ ਅਤੇ ਇਨ੍ਹਾਂ ਦਾ ਅਸਰ ਸਾਡੇ ਮਨ, ਬੁੱਧੀ, ਸਮਝ ਤਾਈਂ ਸੀਮਤ ਹੈ, ਜੋ ਕਿ ਬਦਲਿਆ ਜਾ ਸਕਦਾ ਹੈ। ਅਸੀਂ ਆਪੋ ਆਪਣੀ ਮਾਨਸਿਕ, ਦਿਮਾਗੀ ਜਾਂ ਸੰਸਕਾਰਾਂ ਦੀ ਬਨਾਵਟ ਜਾਂ ਰੰਗਤ ਅਨੁਸਾਰ ਅਸਰ ਦਿੰਦੇ ਤੇ ਲੈਂਦੇ ਹਾਂ।

ਹਰ ਇਕ ਇਨਸਾਨ ਦੀ ਮਾਨਸਿਕ ਅਤੇ ਦਿਮਾਗੀ ਬਨਾਵਟ, ਉਸਦੇ ਪਿਛਲੇ ਜਨਮਾਂ ਦੇ ਸੰਸਕਾਰਾਂ ਅਤੇ ਇਸ ਜਨਮ ਦੇ ਬਾਹਰਲੇ ਗ੍ਰਹਿਣ ਕੀਤੇ ਹੋਏ ਅਸਰਾਂ ਦਾ 'ਨਿਚੋੜ' ਹੈ। ਇਸ ਲਈ ਹਰ ਇਕ ਜੀਵ ਦੇ ਧਾਰਮਿਕ ਗਿਆਨ ਜਾਂ ਨਿਸ਼ਚਿਆਂ ਵਿਚ ਵਿਲੱਖਣਤਾ ਹੁੰਦੀ ਹੈ ਅਤੇ ਇਕ ਦੂਸਰੇ ਨਾਲ ਨਹੀਂ ਮਿਲਦੇ। ਇਹੀ ਕਾਰਨ ਹੈ ਕਿ ਇਕ ਪ੍ਰਵਾਰ ਦੇ ਜਿਤਨੇ ਮੈਂਬਰ ਹੋਣ, ਉਨ੍ਹਾਂ ਦੇ ਨਿਸ਼ਚਿਆਂ ਵਿਚ ਭਿੰਨ-ਭੇਦ ਜਾਂ ਅੰਤਰ ਹੋਣਾ ਜ਼ਰੂਰੀ ਹੈ। ਇਹ ਧਾਰਮਿਕ 'ਭਿੰਨਤਾ' ਸਾਡੇ ਧਾਰਮਿਕ ਅਸਥਾਨਾਂ, ਆਗੂਆਂ ਅਤੇ ਪ੍ਰਚਾਰਕਾਂ ਤਾਈਂ ਵੀ ਪ੍ਰਚਲਤ ਹੈ ਅਤੇ ਇਸਦੇ ਨਤੀਜੇ ਵਜੋਂ ਹਰ ਧਰਮ ਵਿਚ ਕਈ ਫ਼ਿਰਕੇ ਬਣੇ ਹੋਏ ਹਨ। ਇਹ ਭਿੰਨ-ਭਿੰਨ ਫ਼ਿਰਕੇ ਆਪੋ ਆਪਣੇ ਨਿਸ਼ਚਿਆਂ ਅਨੁਸਾਰ ਪ੍ਰਚਾਰ ਕਰਦੇ ਹਨ, ਅਤੇ ਇਨ੍ਹਾਂ 'ਨਿਸ਼ਚਿਆਂ' ਜਾਂ 'ਮਰਯਾਦਾ' ਦੇ ਆਧਾਰ ਤੇ ਇਨ੍ਹਾਂ ਫ਼ਿਰਕਿਆਂ ਵਿਚ ਆਮ ਤੌਰ ਤੇ ਖ਼ਿਆਲਾ ਦਾ ਟਾਕਰਾ ਹੁੰਦਾ ਰਹਿੰਦਾ ਹੈ। ਇਸ ਕਾਰਨ ਈਰਖਾ, ਦਵੈਖ, ਤਅੱਸਬ, ਨਫ਼ਰਤ, ਊਚ-ਨੀਚ ਤੇ ਵੈਰ-ਵਿਰੋਧ ਵਧਦੇ ਜਾਂਦੇ ਹਨ। ਧਰਮ ਵਿਚ ਇਸ ਤਰ੍ਹਾਂ ਦੇ ਨਫਰਤ, ਵੈਰ ਤੇ ਵਿਰੋਧੀ ਅੰਸ਼ਾਂ ਨੂੰ ਤੱਕ ਕੇ ਆਮ ਜਨਤਾ ਦਾ ਧਰਮ ਵਲੋਂ ਉੱਕਾ ਹੀ ਯਕੀਨ ਜਾਂ ਵਿਸ਼ਵਾਸ ਉਡ ਜਾਂਦਾ ਹੈ ਤੇ 'ਨਾਸਤਕ' ਹੋ ਜਾਂਦੇ ਹਨ।

ਪਿਛਲੇ ਪੰਜਾਹ-ਸੱਠ ਸਾਲਾਂ ਵਿਚ ਪਹਿਲਾਂ ਨਾਲੋਂ ਧਰਮ ਅਸਥਾਨਾਂ, ਪ੍ਰਚਾਰਕਾਂ, ਰੈਣਸਬਾਈਆ, ਲਾਇਬ੍ਰੇਰੀਆਂ, ਵਿਦਿਅਕ-ਅਦਾਰਿਆਂ, ਧਾਰਮਿਕ ਪੁਸਤਕਾਂ, ਮਾਸਿਕ-ਪੱਤਰਾਂ ਅਤੇ ਲੇਖਾਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਪਰ ਇਸਦਾ ਸਮੁੱਚਾ ਨਤੀਜਾ, ਗੁਰਸਿਖ ਉੱਨਤੀ ਹੋਣ ਦੀ ਬਜਾਏ ਹਰ ਪਾਸਿਓਂ ਗਿਰਾਵਟ ਜਾਂ ਢਹਿੰਦੀਆਂ ਕਲਾਂ ਵਲ ਜਾ ਰਹੀ ਹੈ, ਜੋ ਕਿ ਦੇਸ਼ ਅਤੇ ਪ੍ਰਦੇਸਾਂ ਵਿਚ ਸਿਖਾਂ ਦੇ ਹਰ ਪੱਖ ਤੋਂ ਪ੍ਰਤੱਖ ਨਜ਼ਰ ਆ ਰਹੀ ਹੈ। ਪਰ ਸਾਡੇ ਧਾਰਮਿਕ ਆਗੂਆਂ, ਲੀਡਰਾਂ ਅਤੇ ਪ੍ਰਚਾਰਕਾ ਦਾ, ਸਿਖੀ ਜੀਵਨ ਦੀ ਗਿਰਾਵਟ ਵਲ ਕੋਈ ਖ਼ਾਸ ਧਿਆਨ ਜਾਂ ਫ਼ਿਕਰ ਪ੍ਰਤੀਤ ਨਹੀਂ ਹੁੰਦਾ। ਸਮੁੱਚੇ ਤੌਰ ਤੇ ਸਿਖ ਜਗਤ ਧਰਮ ਵਲੋਂ ਰਸਾਤਲ ਵਲ ਰੁੜ੍ਹੀ ਜਾ ਰਿਹਾ ਹੈ, ਜਿਸ ਦਾ ਭਵਿਖ ਬਹੁਤ ਭਿਆਨਕ ਨਜ਼ਰ ਆ ਰਿਹਾ ਹੈ।


www.AKJ.Org

ਸਿਖ ਜਨਤਾ ਧੜਾ ਧੜ ਕੇਸ ਕਟਾ ਰਹੀ ਹੈ। ਇਹ ਧਾਰਮਿਕ ਬੀਮਾਰੀ ਫੌਜ, ਪੁਲੀਸ ਤੇ ਡਰਾਈਵਿੰਗ ਮਹਿਕਮੇ ਅਤੇ ਹੋਰ ਕਈ ਸ਼੍ਰੇਣੀਆਂ ਵਿਚ ਫਲ ਰਹੀ ਹੈ। ਪ੍ਰਦੇਸਾਂ ਵਿਚ ਤਾਂ ਕੇਸਾਂ ਦੀ ਮਹੱਤਤਾ ਉੱਕਾ ਹੀ ਨਹੀਂ ਰਹੀ। ਉਥੇ ਕਿਸੇ ਟਾਵੇਂ ਟਾਵੇਂ ਪੁਰਾਣੇ ਸਿਖਾਂ ਦੇ ਕੇਸ ਹੀ ਨਜ਼ਰ ਆ ਰਹੇ ਹਨ। ਨਵੀਂ ਪੀੜ੍ਹੀ ਤਾਂ ਉੱਕੀ ਹੀ ਕੇਸਾਂ ਨੂੰ ਤਿਲਾਂਜਲੀ ਦੇ ਚੁਕੀ ਹੈ, ਅਤੇ ਸਿਖੀ ਜੀਵਨ ਤੇ ਬਾਣੀ ਨਾਲੋਂ ਕੋਰੀ ਹੀ ਨਹੀਂ, ਬਲਕਿ ਮਖ਼ੌਲ ਕਰਨ ਲਗ ਪਈ ਹੈ। ਇਸ ਵਿਚ ਜਨਤਾ ਦਾ ਕਸੂਰ ਨਹੀਂ, ਸਿਰਫ਼ ਸਾਡੇ ਧਾਰਮਿਕ ਆਗੂਆਂ ਦੀ ਅਣਗਹਿਲੀ ਹੈ। ਪ੍ਰਦੇਸਾਂ ਵਿਚ ਤਾਂ ਇਨ੍ਹਾਂ ਦੀ ਬਹੁ-ਸੰਮਤੀ ਹੋਣ ਕਾਰਨ ਗੁਰਦੁਆਰਿਆਂ ਵਿਚ ਆਪਣੀ ਮਨਮਰਜ਼ੀ ਦੇ ਮਤੇ ਪਾਸ ਕਰ ਕੇ, ਨਵੀਂ (ਮਨ ਦੀ) ਸਿਖੀ (ਮਨਮੱਤ) ਦਾ ਪ੍ਰਚਾਰ ਹੋ ਰਿਹਾ ਹੈ।

ਸਾਡੇ ਧਾਰਮਿਕ ਅਸਥਾਨ ਗੁਰਦਵਾਰੇ ਸਹੀ ਅਰਥਾਂ ਵਿਚ ਗੁਰਬਾਣੀ ਦੇ ਪ੍ਰਚਾਰ ਦਾ ਕੇਂਦਰ ਹੋਣ ਦੀ ਬਜਾਏ—ਮੀਟਿੰਗ ਕਲੱਬਜ਼, ਨਿੱਜੀ ਵੈਰ-ਵਿਰੋਧ ਅਤੇ ਧੜੇਬੰਦੀਆਂ ਦਾ ਕੇਂਦਰ ਬਣ ਗਏ ਹਨ। ਇਥੇ ਨਿੱਜੀ ਸੁਆਰਥ ਦੀ ਪੂਰਤੀ ਲਈ ਰੁੱਖੇ-ਸੁੱਕੇ, ਮੁਰਦਾ ਸਾਧਨਾਂ ਵਾਲੇ ਕਰਮ-ਕਾਂਡ ਹੀ ਪ੍ਰਚਲਤ ਹਨ, ਅਤੇ ਮਾਇਕੀ 'ਸੁਆਰਥੀ' ਅਤੇ ਤਜਾਰਤੀ ਰੁਚੀ ਹੀ ਹਰ ਪਹਿਲੂ ਵਿਚ ਪ੍ਰਧਾਨ ਹੈ।

ਆਪਣੇ ਨਿੱਕੇ ਨਿੱਕੇ ਨਿੱਜੀ ਸੁਆਰਥਾਂ ਲਈ ਗੁਰਬਾਣੀ ਨੂੰ ਵਰਤ ਕੇ ਅਸੀਂ ਇਸਦੀ ਮਹੱਤਤਾ ਨੂੰ ਘਟਾ ਦਿੱਤਾ ਹੈ, ਅਤੇ ਇਸ ਅਮੋਲਕ ਇਲਾਹੀ ਦਾਤ ਨੂੰ ਸਸਤਾ ਕਰ ਦਿੱਤਾ ਹੈ। ਜਿਸ ਕਾਰਨ ਸਾਡੇ ਦਿਲਾਂ ਵਿਚ ਇਲਾਹੀ ਗੁਰਬਾਣੀ ਦੀ ਊਚਮ-ਊਚੀ ਅਤੇ ਸੂਚਮ-ਸੂਚੀ ਕਦਰ ਤੇ ਕੀਮਤ ਨਹੀਂ ਰਹੀ। ਇਥੋਂ ਤਕ ਕਿ ਇਸਨੂੰ ਸਮਝਣ ਤੇ ਕਮਾਉਣ ਦੀ ਲੋੜ ਹੀ ਨਹੀਂ ਜਾਪਦੀ। ਗੁਰਸਿੱਖੀ ਦੇ 'ਹਿਤਕਾਰੀਆਂ' ਅਤੇ ਸਿੱਖੀ ਜੀਵਨ ਦੇ 'ਉਸਾਰੂਆਂ' ਦੇ ਧਿਆਨ ਗੋਚਰੇ ਹੇਠ ਲਿਖੇ ਕੁਝ ਵਿਚਾਰ ਪੇਸ਼ ਕੀਤੇ ਜਾਂਦੇ ਹਨ :—

(੧) ਸਭ ਤੋਂ ਪਹਿਲਾਂ ਇਸ ਹਿਰਦੇ-ਵੇਧਕ ਧਾਰਮਿਕ ਅਧੋਗਤੀ ਦੇ ਕਾਰਨਾਂ ਬਾਰੇ ਦੀਰਘ ਵਿਚਾਰ ਨਾਲ ਖੋਜ ਕਰਨ ਦੀ ਲੋੜ ਹੈ।

(੨) 'ਜਥਾ ਰਾਜਾ ਤਥਾ ਪਰਜਾ' ਦੇ ਕਥਨ ਅਨੁਸਾਰ—ਕਿਸੇ ਧਰਮ ਦੀ ਮਹੱਤਤਾ, ਉਚਤਾਈ, ਪ੍ਰਕਾਸ਼ ਜਾਂ ਪ੍ਰਚਾਰ—ਉਸ ਧਰਮ ਦੇ ਮੋਢੀਆਂ, ਆਗੂਆਂ ਅਤੇ ਪ੍ਰਚਾਰਕਾਂ ਤੇ ਨਿਰਭਰ ਹੈ।

ਸਿੱਖ ਧਰਮ ਦੇ ਪ੍ਰਚਾਰਕ ਗ੍ਰੰਥੀ, ਕੀਰਤਨੀਏ ਜਾਂ ਕਥਾਕਾਰ ਹੁੰਦੇ ਹਨ। ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਅਗਵਾਈ ਕਰਨ ਵਾਲੇ ਪ੍ਰਚਾਰਕ ਖ਼ੁਦ ਹੀ ਨਿੱਜੀ ਸੁਆਰਥ ਲਈ ਗੁਰਬਾਣੀ ਦੇ 'ਅਨੁਭਵੀ-ਜੀਵਨ' ਤੋਂ ਕੋਰੇ ਹੋਣ ਕਾਰਨ, ਗੁਰਬਾਣੀ ਜਾਂ ਗੁਰਸਿੱਖੀ ਨੂੰ ਫੋਕੇ ਜਾਂ ਅਧੂਰੇ ਦਿਮਾਗ਼ੀ ਗਿਆਨ ਦੁਆਰਾ ਗ਼ਲਤ ਪੇਸ਼ ਕਰਦੇ ਹਨ ਅਤੇ ਜਨਤਾ ਨੂੰ ਕੇਵਲ ਕਰਮ-ਕਾਂਡਾਂ ਵਿਚ ਹੀ ਫਸਾਈ ਰਖਦੇ ਹਨ।

ਗੁਰਬਾਣੀ ਸਿੱਖਾਂ ਦਾ ਇਸ਼ਟ ਹੀ ਨਹੀਂ, ਬਲਕਿ ਗੁਰਸਿੱਖੀ ਦਾ 'ਜੀਵਨ ਅਧਾਰ' ਹੈ। ਇਸ ਵਿਚ 'ਬ੍ਰਹਮ ਗਿਆਨ'— ਨਾਮ' ਛੁਪਿਆ ਹੋਇਆ ਹੈ, ਜਿਸ ਨੂੰ ਗੁਰਸਿੱਖਾਂ ਨੇ ਖੋਜ ਕੇ ਆਪਣੇ ਲਈ ਹੀ ਨਹੀਂ, ਬਲਕਿ ਸਾਰੇ ਜਗਤ ਨੂੰ ਇਸਦਾ 'ਚਾਨਣ' ਪੇਸ਼ ਕਰਨਾ ਹੈ। ਪਰ ਇਸ ਤੋਂ ਉਲਟ, ਸਾਡਾ ਗੁਰਬਾਣੀ ਨਾਲ ਸੰਬੰਧ ਸਿਰਫ਼ 'ਪੂਜਾ-ਪਾਠ' ਤੀਕ ਸੀਮਤ ਹੈ। ਲੋੜ ਇਸ ਗੱਲ ਦੀ ਹੈ ਕਿ ਗੁਰਬਾਣੀ ਵਿਚ ਛੁਪੇ ਹੋਏ 'ਨਾਮ', 'ਸ਼ਬਦ', 'ਅੰਮ੍ਰਿਤ', ਆਤਮਿਕ ਪ੍ਰਕਾਸ਼ ਦੇ ਹੀਰੇ, ਰਤਨ, ਜਵਾਹਰ, ਮਾਣਿਕ ਦੀ ਖੋਜ ਕਰ ਕੇ, ਆਪਣਾ ਜੀਵਨ 'ਨਾਮ-ਰੰਗ' ਵਿਚ ਢਾਲੀਏ, ਤੇ ਜਨਤਾ ਨੂੰ ਇਸ ਇਲਾਹੀ 'ਨਾਮ-ਰੌਸ਼ਨੀ' ਦੀ ਪ੍ਰੇਰਨਾ ਦਈਏ।

ਅਸੀਂ ਗੁਰਬਾਣੀ ਨੂੰ ਵਿਚਾਰ ਕੇ, ਕਮਾ ਕੇ, ਇਸ ਵਿਚ ਅੰਤਰ-ਆਤਮੇ ਚੁੱਭੀਆਂ ਲਾ ਕੇ, ਇਸ ਦੀਆਂ ਡੂੰਘਿਆਈਆਂ ਵਿਚੋਂ ਹੀਰੇ, ਰਤਨ, ਜਵਾਹਰ, ਮਾਣਿਕ ਖੋਜਣੇ ਹਨ। ਗੁਰਬਾਣੀ 'ਵਿਚਾਰ' ਸੰਬੰਧੀ ਵੀ ਅਸੀਂ ਭੁਲੇਖੇ ਪਾਈ ਬੈਠੇ ਹਾਂ। ਗੁਰਬਾਣੀ ਦੀ ਵਿਚਾਰ ਕਈ ਪੱਧਰਾਂ ਤੇ ਕੀਤੀ ਜਾਂਦੀ ਹੈ :—

੧. ਅੱਖਰੀ ਅਰਥ, ੨. ਭਾਵ ਅਰਥ, ੩. ਅੰਤਰੀਵ ਅਰਥ, ੪. ਅਨੁਭਵੀ ਪ੍ਰਕਾਸ਼।

ਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਇਸ ਵਿਚਾਰ ਵਿਚ ਸਹਾਇਕ ਹਨ :—



www.AKJ.Org

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥

(ਰਾਮਕਲੀ ਮ: ੧ ਦਖਣੀ ਓਅੰਕਾਰ–੯੩੫)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥੪॥

(ਨਟ ਮ: ੪–੯੮੨)

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੨॥

(ਬਿਲਾਵਲੁ ਮ: ੩–੭੯੭)

ਸਾਡੀ ਬੁੱਧੀ ਦੀ ਸ਼ਕਤੀ ਤਾਂ ਅੱਖਰੀ ਅਰਥ ਜਾਂ ਭਾਵ-ਅਰਥ ਕਰਨ ਤੀਕ ਸੀਮਤ ਹੈ। ਅਨੁਭਵੀ ਅਰਥ ਜਾਂ 'ਅਨੁਭਵੀ ਪ੍ਰਕਾਸ਼' ਤਾਂ ਸਾਡੀ ਬੁੱਧੀ ਦੀ ਸਮਝ ਅਤੇ ਪਕੜ ਤੋਂ ਪਰੇ ਹੈ। ਇਸੇ ਲਈ ਅਸੀਂ ਗੁਰਬਾਣੀ ਦਾ ਪੂਰਾ ਪੂਰਾ ਆਤਮਿਕ ਲਾਭ ਨਹੀਂ ਲੈ ਰਹੇ। ਦੂਸਰੇ ਲਫ਼ਜ਼ਾਂ ਵਿਚ ਅਸੀਂ ਸਿਰਫ਼ ਅੱਖਰਾਂ ਦੇ ਛਿੱਲੜਾਂ ਵਿਚ ਹੀ ਫਸੇ ਹੋਏ ਹਾਂ। ਇਨ੍ਹਾਂ ਅੱਖਰਾਂ ਦੇ ਪਿਛੇ ਗਿਰੀ ਅਤੇ ਰੋਗਨ ਰੂਪੀ 'ਅੰਮ੍ਰਿਤ' ਤੋਂ ਵਾਂਝੇ ਜਾ ਰਹੇ ਹਾਂ। ਇਹੀ ਕਾਰਨ ਹੈ ਕਿ ਅਸੀਂ ਬੁੱਧੀ ਮੰਡਲ ਵਿਚ ਮਾਇਕੀ ਰੰਗਣ ਨਾਲ ਲੱਥ ਪੱਥ ਹੋਏ, ਗੁਰਬਾਣੀ ਦੇ 'ਅਨੁਭਵੀ ਪ੍ਰਕਾਸ਼', ਨਾਮ', 'ਸ਼ਬਦ' ਤੋਂ ਬਿਲਕੁਲ ਕੋਰੇ, ਅਨਜਾਣ, ਅਵੇਸਲੇ ਅਤੇ ਬੇਪ੍ਰਵਾਹ ਹੋ ਕੇ ਆਪਣਾ ਜੀਵਨ ਅਜਾਈਂ ਗਵਾ ਰਹੇ ਹਾਂ।

ਇਸੇ ਤਰ੍ਹਾਂ, ਸਾਡਾ ਧਾਰਮਿਕ ਪ੍ਰਚਾਰ ਵੀ ਸਿਰਫ਼ ਬੁੱਧੀ-ਮੰਡਲ ਤੀਕ ਸੀਮਤ ਹੈ। ਉਹ ਵੀ ਅਧੂਰਾ, ਥੋਥਾ, ਫੋਕਾ, ਰੁੱਖਾ-ਸੁੱਕਾ ਹੈ, ਜੋ ਜਗਿਆਸੂਆਂ ਦੇ ਆਤਮਕ ਵਲਵਲਿਆਂ ਨੂੰ ਟੁੰਬਣ ਤੋਂ ਅਸਮਰੱਥ ਹੈ।

ਜੋ ਕੁਝ ਕੀਤਾ ਜਾ ਰਿਹਾ ਹੈ, ਉਹ ਵੀ ਬੇ-ਦਿਲੀ, ਬੇਪ੍ਰਵਾਹੀ ਵਿਚ, ਦਿਲਚਸਪੀ ਤੇ ਲਗਨ ਤੋਂ ਬਗੈਰ ਸਿਰਫ ਲੋਕ-ਦਿਖਾਵਾ ਜਾਂ ਲੋਕ ਪ੍ਰਚਾਵੇ ਲਈ ਹੀ ਹੈ।

ਅਸੀਂ ਧਾਰਮਿਕ ਪ੍ਰਚਾਰ ਲਗਨ ਨਾਲ ਨਹੀਂ ਕਰਦੇ, ਕਿਉਂਕਿ ਸਾਡੀ ਬੁੱਧੀ, ਬਿਰਤੀ ਤੇ ਰੁਚੀ ਹੋਰ ਬੇਲੋੜੇ ਖਲਜਗਣਾਂ ਵਿਚ ਹੈ। ਸਾਡੇ ਅੰਦਰ ਗੁਰਬਾਣੀ ਦੀ 'ਆਤਮਿਕ ਰੋਸ਼ਨਾ' ਤੋਂ ਆਪ ਲਾਭ ਉਠਾਉਣ ਤੇ ਜੱਗ ਵਿਚ ਫੈਲਾਉਣ ਲਈ ਤੀਬਰ ਲਗਨ ਵਾਲਾ ਉਮਾਹ, ਚਾਉ ਜਾਂ ਜੋਸ਼ ਨਹੀਂ ਹੈ। ਸਾਨੂੰ ਦੂਜੇ ਮਤਾਂ ਦੇ ਪ੍ਰਚਾਰਕਾਂ ਤੋਂ ਸਬਕ ਸਿੱਖਣ ਦੀ ਲੋੜ ਹੈ।

ਅੱਜ ਕਲ੍ਹ ਬਹੁਤ ਸਾਰੀਆਂ ਧਾਰਮਿਕ ਅਤੇ ਆਤਮਿਕ ਪੁਸਤਕਾਂ ਲਿਖੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪ੍ਰਤੀਤ ਹੁੰਦਾ ਹੈ ਕਿ ਇਹ ਦਿਮਾਗੀ ਗਿਆਨ ਦੀਆਂ ਹੀ ਉਡਾਰੀਆਂ ਹਨ। ਇਨ੍ਹਾਂ ਵਿਚ ਆਤਮਾ ਨੂੰ ਟੁੰਬਣ ਵਾਲੀ ਕੋਈ ਇਲਾਹੀ ਕਿਰਨਾਂ ਦੀ 'ਝਲਕ' ਪ੍ਰਤੀਤ ਨਹੀਂ ਹੁੰਦੀ। ਪੜ੍ਹ-ਸੁਣ ਕੇ ਦਿਗਾਮੀ ਸ਼ੁਗਲ ਹੀ ਕੀਤਾ ਹੁੰਦਾ ਹੈ। ਆਪਣਾ ਅਸਲੀ ਆਤਮਕ ਅਨੁਭਵ ਨਾ ਹੋਣ ਕਾਰਨ ਦੂਜੀਆਂ ਆਤਮਾਵਾਂ ਨੂੰ 'ਟੁੰਬਣ' ਦੀ ਇਨ੍ਹਾਂ ਵਿਚ ਸ਼ਕਤੀ ਜਾਂ ਸਮਰੱਥਾ ਨਹੀਂ ਹੁੰਦੀ।

ਇਹੀ ਹਾਲ ਸਾਡੇ ਧਾਰਮਿਕ ਮਾਸਕ-ਪੱਤਰਾਂ, ਅਖ਼ਬਾਰਾਂ ਤੇ ਕਿਤਾਬਾਂ ਦਾ ਹੈ ਜ ਕਿ ਸਾਡੇ ਹੋਲ੍ਹੇ ਮਾਇਕੀ ਮਨ ਦੀਆਂ ਨੀਵੀਆਂ ਰੁੱਚੀਆਂ ਨੂੰ ਹੀ ਟੁੰਬਦੀਆਂ ਹਨ। ਸਾਡੀਆਂ ਲਾਇਬਰੇਰੀਆਂ ਅਤੇ ਵਿਦਿਅਕ-ਅਦਾਰਿਆਂ ਅਤੇ ਸਟੱਡੀ ਸਰਕਲਾਂ ਦਾ ਵੀ ਇਹੋ ਹਾਲ ਹੈ। ਕਿਸੇ ਸਮੁੱਚੀ ਕੌਮ ਦੇ ਆਚਰਨ ਜਾ ਧਾਰਮਿਕ ਪੱਧਰ ਦੀ ਕਸਵੱਟੀ ਇਹ ਹੈ ਕਿ ਉਸ ਕੌਮ ਵਿਚ ਕਿਸ ਪੱਧਰ ਦੀਆਂ ਲਿਖਤਾਂ ਦੀ ਗਾਹਕੀ ਹੈ।

ਗੁਰੂ ਸਾਹਿਬਾਨ ਦੇ ਆਗਮਨ ਤੋਂ ਪਹਿਲਾਂ ਹਿੰਦੁਸਤਾਨ ਵਿਚ ਧਾਰਮਿਕ ਕਰਮ-ਕਾਂਡ ਰੁੱਖੇ-ਸੁੱਖੇ ਤੇ ਸਵਾਰਥੀ ਹੋ ਗਏ ਸਨ, ਜਿਨ੍ਹਾਂ ਵਿਚੋਂ ਨਾਮ ਦੀ 'ਜੀਵਨ ਰੌ' ਉੱਕਾ ਹੀ ਉਡ ਚੁੱਕੀ ਸੀ। ਇਹ ਸਿਰਫ ਪਾਖੰਡ ਤੇ ਮੁਰਦਾ-ਸਾਧਨ' ਹੀ ਬਣ ਕੇ ਰਹਿ ਗਏ ਸਨ, ਧਾਰਮਿਕ ਆਗੂਆਂ ਨੇ ਧਰਮ ਦੀ ਆੜ ਵਿਚ ਆਪਣੇ ਸਵਾਰਥ ਲਈ



www.AKJ.Org

ਲੁੱਟ-ਖਸੁੱਟ ਤੇ ਆਪਾ-ਧਾਪੀ ਪਾਈ ਹੋਈ ਸੀ। ਜਦ ਕਿ 'ਧਰਮ ਦੇ ਠੇਕੇਦਾਰਾਂ' ਦੀ ਇਹੋ ਜਿਹੀ ਅਧੋਗਤੀ ਸੀ ਤਾਂ ਆਮ ਜਨਤਾ ਦੀ ਧਾਰਮਿਕ ਅਵਸਥਾ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਲੋਕਾਈ ਦੀ ਇਸ ਤਰਸਯੋਗ ਹਾਲਤ ਤੇ ਰਹਿਮ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਵਿਚ ਅਵਤਾਰ ਧਾਰਨਾ ਪਿਆ। ਉਸ ਸਮੇਂ ਵਿਚ ਪ੍ਰਚਲਤ ਫੋਕੇ ਕਰਮ-ਕਾਂਡਾਂ ਦਾ ਗੁਰਬਾਣੀ ਵਿਚ ਇਸ ਤਰ੍ਹਾਂ ਖੰਡਨ ਕੀਤਾ ਹੈ :—

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹਿ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥

(ਸੋਰਠਿ ਮ: ੫ ਘਰੁ ੨ ਅਸਟਪਦੀਆ—੬੪੧-੪੨)

ਇਸ ਵਿਸ਼ੇ ਤੇ ਬਾਣੀ ਵਿਚ ਹੋਰ ਭੀ ਕਈ ਸ਼ਬਦ ਦਰਜ ਹਨ।

ਸੰਸਾਰ ਦੀ ਇਹੋ ਜਿਹੀ ਧਾਰਮਿਕ ਅਧੋਗਤੀ ਨੂੰ ਸੁਧਾਰਨ ਲਈ, ਲੋਕਾਈ ਨੂੰ 'ਆਤਮਿਕ ਸੋਧ' ਦੇ ਕੇ ਪ੍ਰਮਾਰਥ ਵਲ ਪ੍ਰੇਰਨ ਲਈ ਗੁਰੂ ਸਾਹਿਬਾਂ ਨੇ ਦਸ ਜਾਮੇ ਧਾਰ ਕੇ, ਧਾਰਮਕ ਤੇ ਆਤਮਕ ਅਗਵਾਈ ਕੀਤੀ ਅਤੇ 'ਧੁਰ ਕੀ ਬਾਣੀ' ਬਖਸ਼ੀ। ਇਸ ਵਿਚ ਊਚਮ-ਊਚੇ, ਸੂਚਮ-ਸੂਚੇ, ਆਤਮਿਕ ਉਪਦੇਸ਼ਾਂ ਦੁਆਰਾ 'ਜੀਵਨ' ਨੂੰ ਸਫਲ ਕਰ ਕੇ ਲੋਕ ਸੁਖੀਏ ਪਰਲੋਕ ਸੁਹੇਲੇ' ਕਟਨ ਦੀ ਜਾਚ ਸਿਖਾਈ।

ਸਾਡੇ 'ਆਪੇ' ਦੀਆਂ ਤਿੰਨ ਤਹਿਆਂ ਹਨ। ਤਨ, ਮਨ ਤੇ ਧੁਰ ਅੰਦਰ 'ਆਤਮਾ'। ਜਦ ਤਾਈਂ ਸਾਡਾ ਤਨ, ਮਨ ਭਰਮ-ਭੁਲਾਵੇ ਵਾਲੀ 'ਕੂੜੀ ਮਾਇਆ' ਵਿਚ, 'ਤ੍ਰੈ-ਗੁਣਾਂ' ਵਿਚ, ਹਉਮੈ-ਵਿਹੜੇ 'ਆਪੇ' ਵਿਚ ਵਿਚਰਦਾ ਹੈ, ਇਹ ਭਰਮ-ਭੂਲਾ 'ਆਪਾ' ਬਾਹਰ-ਮੁਖੀ ਹੋ ਕੇ ਕੂੜੀ 'ਮਾਇਆ' ਦੇ ਅਨੇਕ ਰੰਗਾਂ ਦਾ ਅਸਰ ਲੈਂਦਾ ਰਹਿੰਦਾ ਹੈ। ਉਸੇ ਅਨੁਸਾਰ ਸੋਚਦਾ ਤੇ ਕਰਮ ਕਰਦਾ ਹੋਇਆ, 'ਜੋ ਮੈ ਕੀਆ ਸੋ ਮੈ ਪਾਇਆ' ਦੇ ਅਸੂਲ ਅਨੁਸਾਰ, ਦੁਖ-ਸੁਖ ਭੋਗਦਾ ਹੈ। ਦੂਜੇ ਲਫਜ਼ਾਂ ਵਿਚ ਸਾਡਾ ਬਾਹਰ-ਮੁਖੀ 'ਹਉ ਵਾਲਾ ਆਪਾ' ਮਾਇਆ ਦੀ ਹਠੀਲੀ ਫ਼ੌਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਅਧੀਨ ਹੋ ਕੇ, ਇਨ੍ਹਾਂ ਦੀ ਰੰਗਤ ਲੈ ਕੇ, ਇਨ੍ਹਾਂ ਦੇ 'ਸੁਰ' ਵਿਚ 'ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹ' ਵਾਲਾ ਜੀਵਨ ਬਤੀਤ ਕਰਦਾ ਹੈ। ਇਸ ਤਰ੍ਹਾਂ ਇਹ ਜੀਵ ਆਪਣੇ ਕੇਂਦਰ ਆਪਣੇ ਅਸਲੀ 'ਆਪੇ' ਤੋਂ, ਆਪਣੀ ਅਗਿਆਨਤਾ ਦੁਆਰਾ 'ਟੁੱਟ ਕੇ', 'ਬੇ-ਸੁਰਾ' ਹੋ ਕੇ, ਅਕਾਲ ਪੁਰਖ ਦੀਆਂ ਉੱਚੀਆਂ ਸੁੱਚੀਆਂ ਇਲਾਹੀ 'ਦਾਤਾਂ'—'ਪ੍ਰੀਤ, ਪ੍ਰੇਮ, ਰਸ, ਚਾਉ' ਤੋਂ ਵਾਂਝਾ ਰਹਿ ਜਾਂਦਾ ਹੈ।

ਇਸ ਤਰ੍ਹਾਂ ਸਾਰੀ ਦੁਨੀਆ 'ਹਉਮੈ ਵਿਹੜੇ' ਭਰਮ ਭੁਲੇਖੇ ਵਿਚ ਰੁੜ੍ਹੀ ਜਾਂਦੀ ਹੈ। ਆਪਣੇ ਕੇਂਦਰ— 'ਆਤਮਾ' ਤੋਂ ਬੇਖ਼ਬਰ ਹੋ ਕੇ, ਮਾਇਆ ਦੀ 'ਸੁਰ' ਵਿਚ ਜੀਵਨ ਬਤੀਤ ਕਰਦੀ ਹੈ ਅਤੇ ਆਪਣੇ ਅਸਲੀ 'ਆਪੇ'


www.AKJ.Org

ਨੂੰ ਭੁਲਾ ਕੇ ਉਸ ਦੇ ਸੁਖਦਾਈ 'ਹੁਕਮ' ਤੋਂ 'ਬੇ-ਸੁਰੀ' ਹੋਈ ਹੋਈ ਹੈ। ਪਰ ਦੁਖ ਵਾਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਨੂੰ ਮੱਥਾ ਟੇਕਣ ਵਾਲਿਆਂ, ਬਾਣੀ ਦਾ ਕੀਰਤਨ ਤੇ ਵਖਿਆਨ ਕਰਨ ਵਾਲਿਆਂ ਦਾ ਵੀ ਇਹੀ ਹਾਲ ਹੈ। ਉਨ੍ਹਾਂ ਦੀ ਕਹਿਣੀ-ਰਹਿਣੀ ਵਿਚ ਬਹੁਤ ਫ਼ਰਕ ਹੈ। ਸਾਰੀ ਗੁਰਬਾਣੀ ਤਾਂ ਸਾਨੂੰ ਮਾਇਆ ਦੀ ਗੁਲਾਮੀ ਤੋਂ ਕੱਢ ਕੇ, 'ਆਤਮਾ' ਦੀ ਖੁੱਲ੍ਹੀ ਆਜ਼ਾਦੀ ਵਿਚ, ਇਲਾਹੀ ਹੁਕਮ ਦੀ 'ਰਵਾਨਗੀ' ਨਾਲ 'ਸੁਰ' ਹੋਣ ਲਈ ਉਪਦੇਸ਼ ਦਿੰਦੀ ਹੈ। ਇਸ ਬਾਰੇ ਗੁਰਬਾਣੀ ਵਿਚ ਸਪਸ਼ਟ ਤੌਰ ਤੇ ਤਾੜਨਾ ਕੀਤੀ ਹੋਈ ਹੈ :—

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥੭॥੫॥

(ਗਉੜੀ ਸੁਖਮਨੀ ਮ: ੫—੨੬੯)

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥੩॥੩੮॥

(ਆਸਾ ਘਰੁ ੩ ਮ: ੫—੩੮੦)

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥੯੮॥

(ਸਲੋਕ ਭਗਤ ਕਰੀਬ ਜੀਉ ਕੇ—੧੩੬੯)

ਸਾਡੀ ਇਸ ਸਮੇਂ ਧਾਰਮਿਕ ਗਿਰਾਵਟ ਜਾਂ ਗਿਲਾਨੀ ਦਾ ਸਭ ਤੋਂ ਵਡਾ ਕਾਰਨ ਇਹ ਹੈ ਕਿ ਸਾਡੀ ਕਹਿਣੀ ਤੇ ਰਹਿਣੀ ਵਿਚ ਬਹੁਤ ਵਡਾ ਪਾੜਾ ਹੈ। ਜਿਸ ਕਾਰਨ ਜਨਤਾ ਵਿਚ ਧਰਮ ਤੋਂ ਬੇਪ੍ਰਵਾਹੀ ਜਾਂ ਨਾਸਤਕਤਾ ਦਾ ਅਨਜਾਣੇ ਹੀ ਪ੍ਰਚਾਰ ਹੋ ਰਿਹਾ ਹੈ, ਜਿਸਦੇ ਜ਼ਿੰਮੇਵਾਰ ਅਸੀਂ 'ਆਸਤਕ-ਨਾਸਤਕ' ਹਾਂ (ਭਾਵ, ਜਿਹੜੇ ਬਾਹਰੋਂ ਤਾਂ 'ਆਸਤਕ' ਨਜ਼ਰ ਆਉਂਦੇ ਹਨ, ਪਰ ਅੰਦਰੋਂ ਉਹ 'ਨਾਸਤਕ' ਹਨ।) ਜਿਨ੍ਹਾਂ ਨੂੰ ਦੇਖ ਕੇ ਆਮ ਜਨਤਾ ਧਰਮ ਤੋਂ ਘ੍ਰਿਣਾ ਕਰਨ ਲਗ ਪਈ ਹੈ ਅਤੇ ਕਈ ਸ਼ਰਧਾਵਾਨ 'ਆਸਤਕ' ਵੀ ਨਾਸਤਕਤਾ ਵਲ ਰੁੜ੍ਹੇ ਜਾ ਰਹੇ ਹਨ।

ਇਸ ਡੂੰਘੇ ਵਿਸ਼ੇ ਤੇ ਹੋਰ ਡੂੰਘੀ ਵਿਚਾਰ ਦੀ ਲੋੜ ਹੈ।

ਧਰਮ ਨੂੰ ਅਸੀਂ ਸਿਰਫ਼ ਸਰੀਰਕ ਕਰਮ-ਕਾਂਡ ਤੇ ਦਿਮਾਗੀ ਗਿਆਨ ਦਾ ਸ਼ੁਗਲ ਬਣਾ ਛਡਿਆ ਹੈ ਅਤੇ ਧਰਮ ਦੇ ਕੇਂਦਰ 'ਆਤਮਾ' ਤੋਂ ਅਗਿਆਨ, ਬੇਖ਼ਬਰ ਤੇ ਅਣਜਾਣ ਹੁੰਦੇ ਜਾਂਦੇ ਹਾਂ, ਭਾਵੇਂ ਸਾਰੀ ਗੁਰਬਾਣੀ ਸਾਨੂੰ ਸਾਡੇ ਅਸਲੇ 'ਪਰਮਾਤਮਾ' ਵਲ ਹੀ ਪ੍ਰੇਰਦੀ ਹੈ। ਇਹ ਸਾਡੇ ਪਾਠ, ਕੀਰਤਨ, ਕਥਾ ਜਾਂ ਲੈਕਚਰ ਦਾ ਅਸਰ ਸਾਡੇ ਮਨ, ਬੁੱਧੀ ਅਤੇ ਵਲਵਲਿਆਂ ਤੋਂ ਹੇਠਾਂ ਨਹੀਂ ਉਤਰਦਾ। ਗੁਰ-ਉਪਦੇਸ਼ਾਂ ਦੀ ਰੰਗਤ ਸਾਡੇ ਮਨ, ਤਨ, ਬੁੱਧੀ ਤੋਂ ਹੇਠਾਂ ਆਤਮਾ ਤਾਈਂ ਉਤਾਰਨ ਲਈ, ਸਤਿਗੁਰੂ ਨੇ ਬਹੁਤ ਸੌਖੀ ਤੇ ਸਰਲ ਵਿਧੀ ਦਸੀ ਹੈ। ਉਹ ਹੈ 'ਸਿਮਰਨ'।

ਸਿਮਰਨ ਹੀ ਐਸਾ ਇਕੋ ਇਕ ਗੁਰਬਾਣੀ ਦਾ ਤਾਕੀਦੀ ਹੁਕਮ ਹੈ ਜਿਸ ਨੂੰ ਸਿਖ-ਜਗਤ ਨੇ ਜਾਣ ਬੁੱਝ ਕੇ, ਅਵੇਸਲੇ ਤੇ ਮਧਲੇ ਹੋ ਕੇ ਚੰਗੀ ਤਰ੍ਹਾਂ ਵਿਸਾਰਿਆ ਹੋਇਆ ਹੈ। ਜਦ ਸਤਿਗੁਰ ਦਾ ਤਾਕੀਦੀ ਹੁਕਮ ਸਾਡੇ ਪ੍ਰਚਾਰਕ ਖ਼ੁਦ ਨਹੀਂ ਕਮਾਉਂਦੇ ਤਾਂ ਆਮ ਜਨਤਾ ਦਾ ਕੀ ਕਸੂਰ ਹੈ ?

ਪਹਿਲਾਂ ਸਾਨੂੰ ਹੇਠ ਲਿਖੀਆਂ ਗੱਲਾਂ ਚੰਗੀ ਤਰ੍ਹਾਂ ਦ੍ਰਿੜ੍ਹ ਕਰਨੀਆਂ ਪੈਣਗੀਆਂ :—

੧. ਅਸੀਂ ਸਰੀਰ, ਮਨ ਤੇ ਬੁੱਧੀ ਹੀ ਨਹੀਂ।

੨. ਇਨ੍ਹਾਂ ਤੋਂ ਪਰੇ, ਸਾਡਾ ਅਸਲੀ 'ਆਪਾ' ਆਤਮਾ ਹੈ।

੩. ਅਸੀਂ ਆਪਣੇ ਸਰੀਰ, ਹਉਮੈ-ਵੇੜ੍ਹੇ ਮਨ ਤੇ ਬੁੱਧੀ ਨੂੰ ਮਾਇਕੀ ਗੁਲਾਮੀ ਵਿਚੋਂ ਕੱਢ ਕੇ, ਆਤਮਾ ਦੇ ਪ੍ਰਾਇਣ ਕਰਨਾ ਹੈ। ਇਸ ਤਰ੍ਹਾਂ ਉਸ ਦੇ ਹੁਕਮ ਦੇ ਸੁਰ ਵਿਚ ਰਹਿਣਾ ਹੈ।

੪. ਇਹ ਅਤਿ ਕਠਨ ਖੇਲ੍ਹ ਤਾਂ ਹੈ, ਪਰ ਸਤਿਗੁਰੂ ਦੀ ਕਿਰਪਾ ਦੁਆਰਾ 'ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ' ਦੀ ਵਿਧੀ ਨਾਲ ਸੌਖੀ ਹੋ ਜਾਂਦੀ ਹੈ।


www.AKJ.Org

ਉਪਰਲੀ ਸਾਰੀ ਵਿਚਾਰ ਦਾ ਨਿਚੋੜ ਇਹ ਹੈ ਕਿ ਸਾਡੇ ਬਾਹਰ-ਮੁਖੀ ਕਰਮ-ਕਾਂਡ, ਪਾਠ-ਪੂਜਾ ਤੇ ਧਾਰਮਿਕ ਪ੍ਰਚਾਰ ਦੇ ਉੱਦਮ ਤੇ ਸਾਧਨ ਸਾਰੇ ਹੀ 'ਹਉਮੈ ਦੀ ਦੁਨੀਆ'–ਤ੍ਰੈਗੁਣਾਂ ਤਕ ਸੀਮਤ ਹੈ, ਤੇ ਅਸੀਂ ਏਸੇ ਓਪਰੇ ਤੇ ਅਧੂਰੇ ਕ੍ਰਿਆ-ਕਰਮ ਵਿਚ ਹੀ ਸੰਤੁਸ਼ਟ ਹਾਂ। ਸਿਰਫ ਸੰਤੁਸ਼ਟ ਹੀ ਨਹੀਂ, ਬਲਕਿ ਹੰਕਾਰੇ ਫਿਰਦੇ ਹਾਂ ਅਤੇ 'ਭਲੇ ਭਲੇਰੇ' ਬਣ ਕੇ ਹੋਰਨਾਂ ਨੂੰ ਨੀਵੀਂ ਨਜ਼ਰ ਨਾਲ ਦੇਖਦੇ ਹਾਂ। ਇਸ ਤਰ੍ਹਾਂ ਅਸੀਂ ਆਪਣੀ ਹਉਮੈ ਨੂੰ ਹੀ ਪੱਠੇ ਪਾ ਰਹੇ ਹਾਂ।

ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥

(ਸਲੋਕ ਮ: ੧–੪੬੬)

ਚੰਗੀ ਤਰ੍ਹਾਂ ਸਮਝਣ ਤੇ ਦ੍ਰਿੜ੍ਹ ਕਰਨ ਵਾਲੀ ਜ਼ਰੂਰੀ ਗੱਲ ਇਹ ਹੈ ਕਿ ਸਾਡੇ ਪਾਠ ਪੂਜਾ ਅਤੇ ਇਨ੍ਹਾਂ ਦੇ ਪ੍ਰਚਾਰ ਦੇ ਸਾਧਨ, ਗੁਰਬਾਣੀ ਦਾ ਅਨੁਭਵੀ ਪ੍ਰਕਾਸ਼–'ਨਾਮ', ਸ਼ਬਦ ਨੂੰ ਬੁੱਝਣ, ਸੀਝਣ ਤੇ ਪਹਿਚਾਨਣ ਲਈ :–

ਯਤਨ ਹਨ–ਨਤੀਜਾ ਨਹੀਂ ! ਸਾਧਨ ਹਨ–ਪੂਰਨਤਾ ਨਹੀਂ !
ਪੌੜੀਆਂ ਹਨ–ਸਿਖਰ ਨਹੀਂ ! ਯਾਤਰਾ ਹੈ–ਮੰਜ਼ਲ ਨਹੀਂ !
ਕਲਾਸਾਂ ਹਨ–ਡਿਗਰੀ ਨਹੀਂ ! ਗਿਆਨ ਹੈ–ਪ੍ਰਕਾਸ਼ ਨਹੀਂ !
ਕ੍ਰਿਆ ਹੈ–ਨਤੀਜਾ ਨਹੀਂ ! ਬਦਾਮ ਹੈ–ਰੋਗਨ ਨਹੀਂ !
ਫਲ ਹੈ–ਰਸ ਨਹੀਂ ! ਫੁੱਲ ਹੈ–ਮਹਿਕ ਨਹੀਂ !
ਬਲਬ ਹੈ–ਰੋਸ਼ਨੀ ਨਹੀਂ !

ਤ੍ਰੈਗੁਣਾਂ ਵਿਚ ਰਹਿੰਦਿਆਂ ਹੋਇਆਂ ਅਸੀਂ 'ਧਰਮ' ਕਮਾਉਣਾ ਹੈ ਤੇ 'ਪ੍ਰਚਾਰ' ਵੀ ਕਰਨਾ ਹੈ। ਪਰ ਏਸੇ ਨੂੰ 'ਪੂਰਨਤਾ', 'ਮੰਜ਼ਲ', 'ਸਿਖਰ' ਸਮਝ ਕੇ ਏਥੇ ਹੀ ਸੰਤੁਸ਼ਟ ਹੋ ਕੇ ਆਫਰੇ ਨਹੀਂ ਫਿਰਨਾ।

'ਕਰਉ ਜਤਨ ਜੇ ਹੋਇ ਮਿਹਰਵਾਨਾ ॥' (ਵਡਹੰਸੁ ਮ: ੫ ਘਰੁ ੧–੫੬੨)

ਸਾਨੂੰ ਯਤਨ ਕਰਨ ਦਾ 'ਹੁਕਮ' ਹੈ, ਤੇ ਇਸ ਯਤਨ ਦਾ 'ਨਤੀਜਾ, ਫਲ, ਪੂਰਨਤਾ' ਸਤਿਗੁਰੂ ਦੀ ਮਿਹਰ–ਗੁਰਪ੍ਰਸਾਦਿ ਅਨੁਸਾਰ ਬਖਸ਼ਿਸ਼ ਹੁੰਦੀ ਹੈ।

ਜਿਹੋ ਜਿਹੇ ਬੇ-ਦਿਲੀ, ਬੇ-ਰੁਖੀ, ਸ਼ਰਧਾਹੀਣ, ਅਧੂਰੇ, ਫੋਕੇ, ਰੁੱਖੇ, ਸੁੱਕੇ, ਮੁਰਦਾ ਸਾਧਨ ਅਸੀਂ ਵਰਤ ਰਹੇ ਹਾਂ–ਉਹੋ ਜਿਹੇ ਸਾਨੂੰ ਫਲ-ਨਤੀਜੇ ਮਿਲ ਰਹੇ ਹਨ, ਅਤੇ ਉਹੋ ਜਿਹੀ ਸਾਡੀ ਸਰੀਰਕ, ਮਾਨਸਿਕ ਤੇ ਧਾਰਮਿਕ ਅਵਸਥਾ ਹੁੰਦੀ ਜਾ ਰਹੀ ਹੈ, ਜਿਸਦੀ ਝਲਕ ਜਾਂ ਰੰਗਤ ਸਾਡੇ ਜੀਵਨ ਦੇ ਹਰ ਪਹਿਲੂ ਤੇ ਸਮੁੱਚੀ ਕੌਮ ਦੇ ਸਦਾਚਾਰ ਤੇ ਧਾਰਮਿਕ ਅਵਸਥਾ ਵਿਚੋਂ ਪ੍ਰਤੱਖ ਉੱਘੜ ਕੇ ਸਾਹਮਣੇ ਆ ਰਹੀ ਹੈ।

ਪੁਰਾਣੇ ਜ਼ਮਾਨੇ ਦੇ ਇਤਿਹਾਸ ਵਿਚੋਂ ਪਤਾ ਲਗਦਾ ਹੈ ਕਿ ਸਦੀਆਂ ਪਹਿਲਾਂ ਕਈ ਧਰਮ ਤੇ ਸਦਾਚਾਰ ਭਿੰਨ-ਭਿੰਨ ਦੇਸ਼ਾਂ ਵਿਚ ਪ੍ਰਗਟ ਹੋਏ ਤੇ ਜਦ ਤਾਈਂ ਉਨ੍ਹਾਂ ਵਿਚ ਆਤਮਿਕ ਰੌਸ਼ਨੀ ਦੀ 'ਝਲਕ' ਜਾਂ 'ਇਲਾਹੀ ਜੀਵਨ ਰੌ' ਵਗਦੀ ਰਹੀ, ਉਹ ਚੜ੍ਹਦੀਆਂ ਕਲਾ ਵਿਚ ਪ੍ਰਫੁਲਤ ਹੁੰਦੇ ਰਹੇ। ਪਰ ਸਮਾਂ ਪਾ ਕੇ ਉਨ੍ਹਾਂ ਵਿਚੋਂ 'ਇਲਾਹੀ ਪ੍ਰਕਾਸ਼' ਤੇ 'ਜੀਵਨ ਰੌ' ਮੱਧਮ ਪੈਂਦੀ ਗਈ, ਉਹ ਧਰਮ ਭੀ ਅਗਿਆਨਤਾ ਦੇ ਹਨੇਰੇ ਵਿਚ ਅਲੋਪ ਹੁੰਦੇ ਗਏ।

ਜੇ ਏਸੇ ਤਰ੍ਹਾਂ ਸਿੱਖ ਕੌਮ ਵੀ ਗੁਰਬਾਣੀ ਤੇ ਨਾਮ ਸਿਮਰਨ ਦੀ 'ਰੌਸ਼ਨੀ' ਤੋਂ ਅਵੇਸਲੀ ਤੇ 'ਮਚਲੀ' ਹੋ ਕੇ ਵਾਂਝੀ ਹੁੰਦੀ ਗਈ ਅਤੇ ਮਾਇਆ ਦੇ 'ਭਉਜਲੁ ਬਿਖਮੁ ਅਸਗਾਹੁ' ਵਲ ਰੁੜ੍ਹੀ ਗਈ, ਤਾਂ ਸਾਡਾ ਵੀ ਉਹੋ ਹਸ਼ਰ (ਹਾਲ) ਹੋਣ ਦਾ ਖ਼ਤਰਾ ਹੈ। [ਖਾਲਸਾ ਸਮਾਚਾਰ, ੨੦-੧੦-੮੪

---

**ਪਾਠਕ ਜੀ**–ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੇਸ ਤੋਂ ਪਹਿਲਾਂ ਤੁਹਾਡਾ ਚਿਟ ਨੰਬਰ ਲਿਖਿਆ ਹੁੰਦਾ ਹੈ।



www.AKJ.Org

# ਮੱਸੇ ਰੰਘੜ ਨੂੰ ਕਰਨੀ ਦਾ ਫਲ (੨)

[ਕੈਪਟਿਨ ਸਵਰਨ ਸਿੰਘ ਜੀ]

ਥੋੜੇ ਹੀ ਸਮੇਂ ਵਿਚ ਜ਼ਕਰੀਆ ਖ਼ਾਨ ਨੇ ਪੰਜਾਬ ਦੇ ਪ੍ਰਬੰਧ ਵਿਚ ਚੰਗਾ ਸੁਧਾਰ ਕਰ ਲਿਆ। ਇਕ ਹੱਦ ਤੱਕ ਉਸ ਦੇ ਪ੍ਰਬੰਧ ਵਿਚ ਮੁੜ ਅਮਨ ਚੈਨ ਹੋ ਗਿਆ। ਬਰਾੜ ਭੱਟੀ, ਖਰਲ, ਬਲੋਚ, ਪਚਾਧੇ, ਡੋਗਰ ਤੇ ਹੋਰ ਮਾਰਾਂ ਧਾੜਾਂ ਕਰਨ ਵਾਲੇ ਦਬਾ ਦਿਤੇ ਗਏ। ਸਿਖ ਵੀ ਭਾਵੇਂ ਝਲਾਂ ਜੰਗਲਾਂ, ਛੰਭਾਂ ਪਹਾੜਾਂ, ਖੱਡਾਂ ਤੇ ਰਾਜਿਸਥਾਨ ਦਿਆਂ ਮਾਰੂ ਥਲਾਂ ਵਿਚ ਦਿਨ-ਕਟੀ ਲਈ ਜਾ ਟਿਕੇ, ਪਰ ਫਿਰ ਵੀ ਪਿਛੇ ਰਹਿ ਗਏ ਸਿਰਲਥ ਰਾਠ ਸਿੰਘ ਪੰਜਾਬ ਵਿਚ ਫਿਰਦੀਆਂ ਗਸ਼ਤੀ ਫ਼ੌਜਾਂ, ਆਮਲਾਂ, ਚੌਧਰੀਆਂ ਤੇ ਚੁਗਲਾਂ ਨੂੰ ਕਿਤੇ ਫਤਹ ਆਣ ਹੀ ਬੁਲਾਉਂਦੇ। ਕੱਟਕ ਚੜ੍ਹਨੇ ਤੇ ਵਾਹਰਾਂ ਨਿਕਲਣੀਆਂ ਤਾਂ ਭਾਵੇਂ ਬੰਦ ਹੋ ਗਈਆਂ, ਪਰ ਧਾੜੇ ਵਜਣੋਂ ਤੇ ਕਾਫਲੇ ਲੁਟੇ ਜਾਣੋਂ ਬੰਦ ਨਾ ਹੋਏ। ਜ਼ਕਰੀਆ ਖ਼ਾਨ ਪੰਜਾਬ ਵਿਚ ਸਿੰਘਾਂ ਦੀ ਹੋਂਦ ਨੂੰ ਬੜੀ ਵੱਡੀ ਵੰਗਾਰ ਸਮਝਦਾ ਸੀ। ਉਸ ਨੇ ਇਥੋਂ ਦੀ ਸੂਬੇਦਾਰੀ ਲਈ ਹੀ ਇਸ ਵਾਹਿਦੇ ਤੇ ਸੀ ਕਿ ਸਿਖ ਨਾਮ ਦਾ ਦੁਨੀਆ 'ਚੋਂ ਖ਼ਾਤਮਾ ਕਰ ਦੇਵੇਗਾ। ਤੇ ਜੇ ਸਿਖ ਇੰਜ ਹੀ ਨਜ਼ਰ ਆਉਂਦੇ ਰਹੇ ਤਾਂ ਸ਼ਹਿਨਸ਼ਾਹ ਦਿੱਲੀ ਨੂੰ ਕੀ ਮੂੰਹ ਵਿਖਾਏਗਾ। ਇਸ ਸਥਿਤੀ ਨੇ ਉਸ ਨੂੰ ਹਦੋਂ ਵਧ ਤਾਉ ਦਿਤਾ।

**ਗਸ਼ਤੀ ਫ਼ੌਜ ਦਾ ਪੁਨਰ-ਗਠਨ :—**

ਜ਼ਕਰੀਆ ਖ਼ਾਨ ਨੇ ਆਪਣੇ ਬਾਪ ਅਬਦੁ-ਸਮੱਦ ਖ਼ਾਨ ਵਲੋਂ ਬਣਾਈ ਗਸ਼ਤੀ ਫ਼ੌਜ ਨੂੰ ਮੁੜ ਨਵੇਂ ਸਿਰਿਉਂ ਚੰਗੀ ਤਰ੍ਹਾਂ ਲਾਮਬੰਦ ਕੀਤਾ ਤੇ ਇਸ ਦੀ ਗਿਣਤੀ ਵੀ ਵਧਾ ਦਿਤੀ। ਨਾਲ ਹੀ ਸੂਹੀਆਂ ਦਾ ਜਾਲ ਹੋਰ ਚੰਗੀ ਤਰ੍ਹਾਂ ਤਣ ਦਿਤਾ। ਚੌਧਰੀਆਂ ਨੂੰ ਸਿਖਾਂ ਵਿਰੁਧ ਵਧੇਰੇ ਤਕੜਾਈਆਂ ਕੀਤੀਆਂ ਗਈਆਂ। ਮਾਝੇ ਦਿਆਂ ਚੌਧਰੀਆਂ ਨੂੰ ਲਾਹੌਰ ਸੱਦ ਕੇ ਉਨ੍ਹਾਂ ਤੋਂ ਲਿਖਤਾਂ ਲਈਆਂ ਗਈਆਂ ਕਿ ਜੇ ਕਿਸੇ ਦੇ ਪਿੰਡ ਜਾਂ ਅਧੀਨ ਤਪੇ ਵਿਚ ਕੋਈ ਸਿਖ ਵੇਖਿਆ ਜਾਂ ਫਿਰਦਾ ਸੁਣਿਆ ਗਿਆ ਤੇ ਉਹ ਉਸ ਨੂੰ ਜ਼ਿੰਦਾ ਜਾਂ ਮਾਰ ਕੇ ਲਿਆ ਨਾ ਸਕਿਆ ਤਾਂ ਚੌਧਰ ਖ਼ਤਮ, ੧੦੦ ਰੁਪਏ ਸਿਰ ਦੇ ਹਿਸਾਬ ਨਾਲ ਜੁਰਮਾਨਾ ਤੇ ਹੋਰ ਸਜ਼ਾ ਵਖਰੀ। ਹਾਂ ਜੋ ਇਸ ਕੰਮ ਵਿਚ ਪੂਰੀ ਤਨਦੇਹੀ, ਈਮਾਨਦਾਰੀ ਤੇ ਨੇਕਨੀਤੀ ਨਾਲ ਸਰਕਾਰ ਦੀ ਸਹਾਇਤਾ ਕਰਨਗੇ, ਉਨ੍ਹਾਂ ਨੂੰ ਇਨਾਮ ਮਿਲੇਗਾ, ਮਾਣ ਸਤਿਕਾਰ ਦੂਣਾ ਚੌਣਾ ਕੀਤਾ ਜਾਂਵੇਗਾ ਤੇ ਮੂੰਹ-ਮੰਗੀਆਂ ਮੁਰਾਦਾਂ ਮਿਲਣਗੀਆਂ। ਜੇ ਚੌਧਰੀਆਂ ਦਾ ਕੋਈ ਨੁਕਸਾਨ ਹੋ ਜਾਏ ਤਾਂ ਉਹ ਸਰਕਾਰ ਪੂਰਾ ਕਰੇਗੀ।

ਬਸ ਫਿਰ ਢਿਲ ਕਾਹਦੀ ਰਹਿਣੀ ਸੀ। ਸਿਖਾਂ ਉਤੇ ਕਹਿਰ ਟੁਟਣ ਲੱਗੇ। ਜਿਹੜੇ ਜਿਹੜੇ ਚੌਧਰੀਆਂ, ਆਮਲਾਂ, ਮੌਲਵੀ-ਮੁਲਾਣਿਆਂ ਆਦਿ ਦੇ ਬੰਦਾ ਸਿੰਘ ਬਹਾਦਰ ਵੇਲੇ ਨੁਕਸਾਨ ਹੋਏ ਸਨ ਉਨ੍ਹਾਂ ਮਿਥ ਮਿਥ ਕੇ ਇਕ ਵਢੋਂ ਸਿਖਾਂ ਨੂੰ ਝੂਠਿਆਂ ਦਾਅਵਿਆਂ ਵਿਚ ਫਸਾਉਣਾ ਸ਼ੁਰੂ ਕਰ ਦਿਤਾ। ਫੜ ਕੇ ਲਿਆਂਦੇ ਗਏ ਸਿੰਘਾਂ ਨੂੰ ਨਖਾਸ ਮੰਡੀ ਦੇ ਖੁਲ੍ਹੇ ਮੈਦਾਨ ਵਿਚ ਲੋਕਾਂ ਦੇ ਸਾਮ੍ਹਣੇ ਹੇਠ ਲਿਖੇ ਅਨੁਸਾਰ ਤਸੀਹੇ ਦਿਤੇ ਜਾਂਦੇ ਤੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ :—

(੧) ਚਰਖੀ ਜਾਂ ਚਰਖੜੀ ਚਾੜ੍ਹਨਾ—ਮਾਰੇ ਜਾਣ ਵਾਲੇ ਨੂੰ ਇਕ ਫਿਰਨ ਵਾਲੇ ਪਹੀਏ (ਚਰਖੇ ਦੇ ਫਿਰਦੇ ਫਟਾਂ ਵਾਂਗ) ਉਤੇ ਨਾੜੇ ਨਾਲ ਬੰਨ੍ਹ ਦਿਤਾ ਜਾਂਦਾ ਤੇ ਦੂਜਾ ਪਹੀਆ ਜਿਸ ਉਤੇ ਉਭਰਵੇਂ ਤਿਖੇ ਦੰਦੇ ਲੱਗੇ ਹੁੰਦੇ ਸਨ ਉਹ ਨਾਲ ਲਾਏ ਜਗਾੜ ਨਾਲ ਧੱਕ ਕੇ ਲਾਗੇ ਕਰ ਦਿਤਾ ਜਾਂਦਾ। ਬੰਦਾ ਦੋਹਾਂ ਪਹੀਆਂ ਤੇ ਦੰਦਿਆਂ ਦੀ ਘੁਟ ਵਿਚ ਆ ਕੇ ਗੰਨੇ ਵਾਂਗ ਪੀੜਿਆ ਜਾਂਦਾ, ਹੱਡ ਪਸਲੀਆਂ ਟੁਟ ਜਾਂਦੇ, ਮਾਸ ਤੂੰਬਾ ਤੂੰਬਾ ਹੋ ਕੇ ਡਿਗਦਾ ਤੇ ਆਦਮੀ ਬੁਰੀ ਤਰ੍ਹਾਂ ਤੜਫ ਤੜਫ ਕੇ ਮਰਦਾ।

(੨) ਸੂਲੀ—(ਇਕ ਫਟੇ ਉਤੇ ਪਾ ਕੇ ਸਾਰੇ ਅੰਗਾਂ ਵਿਚ ਕਿਲ ਠੋਕੇ ਜਾਂਦੇ। ਮਰਨ ਵਾਲਾ ਇੰਜ ਟੰਗਿਆ ਰਹਿੰਦਾ ਤੇ ਹੇਠਾਂ ਲਹੂ ਦੇ ਛਪੜ ਲੱਗ ਜਾਂਦੇ। ਹਜ਼ਰਤ ਮਸੀਹ ਨੂੰ ਯਰੋਸ਼ਲਮ ਵਿਖੇ ਇੰਜ ਹੀ ਸੂਲੀ ਤ



www.AKJ.Org

ਟੰਗਿਆ ਗਿਆ ਸੀ।)

(੩) ਸੰਗ-ਸਾਰ ਕਰਨਾ—(ਦੋਸ਼ੀ ਨੂੰ ਰੁਖ ਜਾਂ ਗੱਡੀ ਹੋਈ ਥੰਮ੍ਹੀ ਨਾਲ ਬੰਨ੍ਹ ਕੇ ਲੋਕਾਂ ਦੂਰੋਂ ਇਟ ਵੱਟੇ ਤੇ ਪੱਥਰ ਮਾਰ ਮਾਰ ਕੇ ਮਾਰਨਾ।)

(੪) ਗਲ ਵਿਚ ਫਾਹ ਦੇ ਕੇ ਮਾਰਨਾ।

(੫) ਤਸਮੇ ਕਸੀ–(ਸਿੰਘ ਦੇ ਗਲ ਵਿਚ ਇਕ ਮੋਕਲਾ ਕੁੰਡਾ ਪਾ ਕੇ ਜਿਸ ਵਿਚ ਉਸ ਦੀ ਧੌਣ ਚਾਰ ਚੁਫੇਰ ਫਿਰ ਸਕੇ, ਤੇ ਕੁੰਡੇ ਨੂੰ ਉਪਰ ਮਜ਼ਬੂਤੀ ਨਾਲ ਜਕੜ ਲੈਣਾ। ਫੇਰ ਚੰਮ ਦੀਆਂ ਵਧਰਾਂ ਬਗਲਾਂ ਹੇਠ ਦੀ ਲੰਘਾ ਕੇ ਮਧਾਣੀ ਦੇ ਨੇਤਰੇ ਵਾਂਗ ਦੋਹਾਂ ਪਾਸਿਆਂ ਤੋਂ ਜੱਲਾਦਾਂ ਫੜ ਕੇ ਜ਼ੋਰ ਜ਼ੋਰ ਦੀ ਓਧਰੋਂ ਓਧਰੀ ਖਿਚ ਖਿਚ ਰਿੜਕਣਾ। ਇੰਜ ਛਾਤੀ ਚੂਰ ਕਰ ਕੇ ਮਾਰਨਾ।)

(੬) ਮੁੰਗਲੀਆਂ ਨਾਲ ਕੁਟ ਕੇ ਮਾਰਨਾ।

(੭) ਜ਼ਿੰਦਾ ਜਲਾ ਦੇਣਾ—(ਰੂੰ, ਲੋਗੜ ਜਾਂ ਲੀਰਾਂ ਪਤੀਰਾਂ ਸ਼ਰੀਰ ਉਤੇ ਲਪੇਟ ਕੇ ਉਪਰ ਤੇਲ ਪਾ ਕੇ ਅੱਗ ਲਾ ਕੇ ਜ਼ਿੰਦਾ ਜਲਾ ਦੇਣਾ।)

(੮) ਪੱਟ ਚੀਰ ਕੇ ਵਿਚ ਲੂਣ ਦੀਆਂ ਡਲੀਆਂ ਭਰ ਕੇ ਉਤੋਂ ਸੀਉਂ ਦੇਣਾ ਜਾਂ ਇੰਜ ਹੀ ਮੂੰਹ ਵਿਚ ਲੂਣ ਦਾ ਡਲਾ ਠੋਕ ਕੇ ਉਤੋਂ ਬੁਲ ਸੀਉਂ ਦੇਣੇ।

(੯) ਜੀਉਂਦੇ ਦੀ ਖਲ ਲਾਹ ਦੇਣੀ।

(੧੦) ਜਮੂਰਾਂ ਨਾਲ ਥੋੜਾ ਥੋੜਾ ਮਾਸ ਤੋੜ ਤੋੜ ਕੇ ਮਾਰਨਾ।

(੧੧) ਲੋਹੇ ਦੀਆਂ ਤੱਤੀਆਂ ਸੀਖਾਂ ਨਾਲ ਸ਼ਰੀਰ ਦਾ ਮਾਸ ਸਾੜ ਸਾੜ ਕੇ ਮਾਰਨਾ।

(੧੨) ਸੜਦਾ ਸੜਦਾ ਤੇਲ ਉਤੇ ਪਾ ਕੇ ਮਾਰਨਾ।

(੧੩) ਪਘਰਿਆ ਹੋਇਆ ਸਿੱਕਾ ਜਾਂ ਤੇਜ਼ਾਬ ਸੰਘ ਵਿਚ ਪਾ ਕੇ ਮਾਰਨਾ।

(੧੪) ਖ਼ੂਨੀ ਕੁੱਤਿਆਂ ਅਗੇ ਸੁਟ ਕੇ ਤੁੜਵਾ ਦੇਣਾ।

(੧੫) ਧਰਤੀ ਵਿਚ ਲੱਕ ਤਾਈਂ ਗੱਡ ਕੇ ਥੋਥੇ (ਬਿਨ ਲੋਹੇ ਦੀਆਂ ਮੁਖੀਆਂ ਦੇ) ਤੀਰਾਂ ਨਾਲ ਮਾਰਨਾ।

(੧੬) ਹਾਥੀਆਂ ਤੋਂ ਮਿਧਾ ਕੇ ਜਾਂ ਉਨ੍ਹਾਂ ਦੀਆਂ ਲਤਾਂ ਨਾਲ ਬੰਨ੍ਹ ਕੇ ਧੂਹ ਧੂਹ ਕੇ ਮਾਰਨਾ।

(੧੭) ਸਿਰ ਕੱਟ ਦੇਣ ਨੂੰ ਸਭ ਤੋਂ ਸੌਖੀ ਤੇ ਰਹਿਮ ਵਾਲੀ ਸਜ਼ਾ ਦਸਿਆ ਜਾਂਦਾ ਸੀ।

ਭੇਤ ਪੁਛਣ ਲਈ ਨਹੁੰਆਂ ਦੇ ਹੇਠਲੇ ਪਾਸੇ ਸੂਈਆਂ ਮੇਖਾਂ ਠੋਕਣੀਆਂ ਜਾਂ ਜਮੂਰਾਂ ਨਾਲ ਨਹੁੰ ਮਾਸ ਵਿਚੋਂ ਖਿਚ ਦੇਣੇ ਆਮ ਗੱਲ ਸੀ। ਯਾਦ ਰਹੇ ਕਿ ਖਾਨ ਬਹਾਦਰ ਨੇ ਮੁਫਤੀ ਦੇ ਫ਼ਤਵੇ ਅਨੁਸਾਰ ਉਪਰ ਦਸਿਆਂ ਢੰਗਾਂ ਤੋਂ ਵੀ ਵਧ ਭਿਆਨਕ ਤਸੀਹੇ ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਜੀ ਨੂੰ ਦਿਵਾ ਕੇ ਸ਼ਹੀਦ ਕੀਤਾ ਸੀ। ਭਾਈ ਮਨੀ ਸਿੰਘ ਦੇ ਬੰਦ ਬੰਦ ਕਟਵਾਏ ਸਨ ਤੇ ਭਾਈ ਤਾਰੂ ਸਿੰਘ ਦਾ ਜੀਉਂਦੇ ਦਾ ਖੋਪਰਾ ਲੁਹਾ ਦਿਤਾ ਸੀ।

ਇਹ ਤਾਂ ਸਨ ਉਹ ਤਸੀਹੇ ਜੋ ਫੜ ਕੇ ਲਿਆਂਦਿਆਂ ਨੂੰ ਲਾਹੌਰ ਨਖਾਸ ਵਾਲੀ ਥਾਂ ਦਿਤੇ ਜਾਂਦੇ ਤੇ ਫਿਰ ਉਹ ਮਾਰ ਮੁਕਾਏ ਜਾਂਦੇ। ਜਿਹੜੇ ਕਾਬੂ ਨਹੀਂ ਸਨ ਆਉਂਦੇ ਤੇ ਫੌਜਾਂ ਨਾਲ ਟੱਕਰੇ ਰਹਿੰਦੇ ਸਨ, ਉਨ੍ਹਾਂ ਦੇ ਸਿਰ ਪਈ ਹੋਈ ਬਿਪਤਾ ਹੋਰ ਵੀ ਭਿਆਨਕ ਸੀ। ਗਸ਼ਤੀ ਫ਼ੌਜਾਂ ਹਮੇਸ਼ਾ ਉਨ੍ਹਾਂ ਦੇ ਪਿਛੇ ਸ਼ਿਕਾਰੀਆਂ ਵਾਂਗ ਲਗੀਆਂ ਰਹਿੰਦੀਆਂ। ਉਹ ਦਿਨ ਕਿਤੇ ਤੇ ਰਾਤ ਕਿਤੇ ਕਟਦੇ। ਉਨ੍ਹਾਂ ਨੂੰ ਫੜਨ ਲਈ ਜੰਗਲਾਂ ਝਲਾਂ ਬੇਲੇ ਵਢੇ ਜਾਂ ਸਾੜੇ ਫੂਕੇ ਜਾਂਦੇ ਤਾਂਕਿ ਉਹ ਕਿਤੇ ਲੁਕ ਛਿਪ ਕੇ ਆਪਣੀ ਦਿਨ-ਕਟੀ ਨਾ ਕਰ ਸਕਣ। ਪਿੰਡਾਂ ਦੀ ਵਸੋਂ ਨੂੰ ਸਖ਼ਤ ਹਦਾਇਤਾਂ ਸਨ ਕਿ ਉਨ੍ਹਾਂ ਨੂੰ ਕੋਈ ਖਾਣ ਪੀਣ ਜਾਂ ਹੋਰ ਵਰਤ ਵਰਤਾ ਵਾਲੀਆਂ ਚੀਜ਼ਾਂ ਨਹੀਂ ਦੇਣੀਆਂ। ਜ਼ਖਮੀ ਹੋਣ ਜਾਂ ਬੀਮਾਰੀ ਦੀ ਹਾਲਤ ਵਿਚ ਕਿਤੋਂ ਮਲ੍ਹਮ ਪੱਟੀ ਜਾਂ ਦਵਾ ਦਾਰੂ ਦੀ ਆਸ ਨਹੀਂ ਸੀ। ਖੂਹਾਂ ਤੋਂ ਪਾਣੀ ਤਕ ਨਾ ਪੀਣ ਜਾਂ ਲੈਣ ਦਿਤਾ ਜਾਂਦਾ। ਹਰ ਜਗ੍ਹਾ ਨਦੀਆਂ ਦਾ ਪਾਣੀ ਨਹੀਂ ਸੀ ਮਿਲ ਸਕਦਾ। ਅੰਨ ਤੋਂ ਬਿਨਾਂ


www.AKJ.Org

ਤਾਂ ਕੁਝ ਸਮੇਂ ਲਈ ਗੁਜ਼ਾਰਾ ਹੋ ਸਕਦੈ, ਪਰ ਪਾਣੀ ਤੋਂ ਬਿਨਾਂ ਕਟਣਾ ਬਹੁਤ ਕਠਨ ਹੈ। ਸਿੰਘ ਰਾਤ ਬਰਾਤੇ ਵਸੋਂ ਲਾਗਲੇ ਖੂਹਾਂ ਤੋਂ ਪਾਣੀ ਕਢ ਕੇ ਲੈ ਜਾਂਦੇ। ਸਰਕਾਰ ਨੇ ਜਦ ਸਖ਼ਤੀ ਕਰਕੇ ਐਸੀ ਹਾਲਤ ਬਣਾ ਛਡੀ ਹੋਵੇ ਤਾਂ ਫਿਰ ਵਾਹੀ ਬੀਜੀ ਕਰਕੇ ਜੂਨ ਗੁਜ਼ਾਰਾ ਕਰ ਲੈਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਹ ਲੋਕ ਖਾਣ ਤਾਂ ਕਿਥੋਂ ? ਸਪਸ਼ਟ ਹੈ ਕਿ ਇਹ ਲੋਕ, ਜੋ ਮੌਤ ਦੇ ਮੂੰਹ ਵਲ ਧਕ ਦਿਤੇ ਗਏ ਸਨ, ਸਰਕਾਰ ਤੇ ਚੋਧਰੀਆਂ ਦੇ ਬਦੋ ਬਦੀ ਪ੍ਰਾਹੁਣੇ ਬਣਦੇ। ਸਰਕਾਰੀ ਅਨਾਜ ਦਾਣਾ, ਦਾਰੂ ਸਿੱਕਾ ਜਾਂ ਖਜ਼ਾਨਾ ਲਈ ਜਾਂਦਿਆਂ ਗੱਡਿਆਂ, ਉਠਾਂ, ਖਚਰਾਂ ਦਿਆਂ ਕਾਫ਼ਲਿਆਂ ਨੂੰ ਲੁਟ ਲਿਆ ਜਾਂਦਾ ਤੇ ਇੰਜ ਲੰਗਰ ਦਾ ਪ੍ਰਬੰਧ ਹੋ ਜਾਂਦਾ। ਚੋਧਰੀਆਂ ਦਿਆਂ ਪਿੰਡਾਂ ਵਿਚੋਂ ਉਹ ਅਨਾਜ, ਜੋ ਸਰਕਾਰ ਲਈ ਇਕੱਠਾ ਕੀਤਾ ਜਾਂਦਾ, ਮੌਕਾ ਪਾ ਕੇ ਝਪਟ ਲਿਆ ਜਾਂਦਾ। ਜਦ ਕੁਝ ਸਮੇਂ ਲਈ ਕੋਈ ਸ਼ਿਕਾਰ ਅੜਿੱਕੇ ਨਾ ਚੜ੍ਹਦਾ ਤਾਂ ਲੰਗਰ ਮਸਤ ਹੋ ਜਾਂਦੇ। ਕਦੀ ਕੜਾਕੇ ਹੁੰਦੇ ਤੇ ਕਦੀ ਅਲੂਣੇ ਘਾਗ ਪਾਤ ਨਾਲ ਹੀ ਗੁਜ਼ਾਰਾ ਕਰ ਲਿਆ ਜਾਂਦਾ, ਪਰ ਕੀ ਮਜਾਲ ਜੋ ਇਨ੍ਹਾਂ ਮੁਸੀਬਤਾਂ ਤੇ ਅੱਤਿਆਚਾਰਾਂ ਨੇ ਸਿੰਘਾਂ ਨੂੰ ਨਿਰਾਸ਼ ਜਾਂ ਭੈਭੀਤ ਕੀਤਾ ਹੋਵੇ !

## ਮੁਸੀਬਤਾਂ ਉਤੇ ਮੁਸੀਬਤਾਂ ਤੇ ਸਿੰਘਾਂ ਦੀ ਦ੍ਰਿੜ੍ਹਤਾ :–

ਮੁਸੀਬਤਾਂ ਤੇ ਔਕੜਾਂ ਹੀ ਕੌਮਾਂ ਨੂੰ ਸ਼ਿੰਗਾਰਦੀਆਂ ਹਨ। ਜੋ ਕੌਮ ਮੁਸੀਬਤਾਂ ਸਾਹਮਣੇ ਹੀਆ ਹਾਰ ਜਾਵੇ ਤੇ ਸਿਰ ਸੁਟ ਦੇਵੇ, ਉਹ ਕੌਮ ਸਦਾ ਕਾਇਰਾਂ ਤੇ ਨਿਪੁੰਸਕਾਂ ਦਾ ਟੋਲਾ ਬਣ ਕੇ ਰਹਿ ਜਾਂਦੀ ਹੈ। ਸਦੀਵੀ ਗੁਲਾਮੀ ਉਸਦਾ ਭਾਗ ਬਣ ਜਾਂਦੀ ਹੈ। ਜੈ-ਜੈਕਾਰ ਸਿਰਫ ਉਹਨਾਂ ਦੀ ਹੁੰਦੀ ਹੈ ਤੇ ਅਜ਼ਾਦੀ ਦਾ ਅਨੰਦ ਉਹੋ ਹੀ ਮਾਣ ਸਕਦੀਆਂ ਹਨ ਜੋ ਔਕੜਾਂ, ਕਠਨਾਈਆਂ ਅਤੇ ਮੁਸੀਬਤਾਂ ਨਾਲ ਟਕਰਾਉਣ। ਖਾਲਸੇ ਦਾ ਜਨਮ ਮੁਸੀਬਤਾਂ ਸਮੇਂ ਹੋਇਆ ਸੀ। ਸਬਕ ਵੀ ਨਾਲ ਇਹ ਮਿਲਿਆ ਸੀ ਕਿ ਮੁਸੀਬਤ ਜਾਂ ਕਠਨ ਤੋਂ ਕਠਨ ਔਕੜ ਨੂੰ ਅਗਾਲਵਾਂਢੀ ਹੋ ਕੇ ਕਰੜੇ ਹਥੀਂ ਲੈਣਾ ਹੈ ਅਤੇ ਹਮੇਸ਼ਾ ਹੀ ਅਕਾਲ ਪੁਰਖ ਤੇ ਟੇਕ ਰਖਣੀ ਹੈ। ਇਹ ਸਬਕ ਦ੍ਰਿੜ੍ਹ ਕਰਾਉਣ ਵਾਲੇ ਉਹ ਸਨ ਜਿਨ੍ਹਾਂ ਇਹ ਸਭ ਕੁਝ ਆਪਣੇ ਆਪ ਉਤੇ ਢਾਲ ਕੇ ਜ਼ਿੰਦਗੀ ਵਿਚ ਕਰ ਕੇ ਵਿਖਾ ਦਿਤਾ। ਇਹੋ ਕਾਰਨ ਹੈ ਕਿ ਇਹੋ ਜਿਹੀ ਅਗਵਾਈ ਪਾ ਕੇ ਖਾਲਸਾ ਮੁਸੀਬਤਾਂ ਸਾਹਮਣੇ ਕਦੀ ਘਬਰਾਇਆ ਨਹੀਂ। ਸਮੇਂ ਨੂੰ ਕੋਈ ਅਟਕਾ ਨਹੀਂ ਸਕਦਾ। ਇਹ ਆਉਂਦਾ ਹੈ ਅਤੇ ਆਪਣੀ ਚਾਲੇ ਤੁਰਿਆ ਜਾਂਦਾ ਹੈ। ਆਦਿ ਤੋਂ ਇਵੇਂ ਤੁਰਿਆ ਆਇਆ ਹੈ ਤੇ ਅੰਤ ਤੱਕ ਇਵੇਂ ਤੁਰਿਆ ਜਾਵੇਗਾ। ਇਹ ਕਦੀ ਵੀ ਖੜੇ ਨਹੀਂ ਸਕੇਗਾ। ਬਸ ਇੰਜ ਹੀ ਮੁਸੀਬਤ ਵੀ ਖੜੋਤੀ ਨਹੀਂ ਰਹਿ ਸਕਦੀ। ਜਿਵੇਂ ਆਉਂਦੀ ਹੈ ਤਿਵੇਂ ਤੁਰਦੀ ਜਾਂਦੀ ਹੈ।

ਕਿਸੇ ਸਿਆਣੇ ਦਾ ਅਨਮੋਲ ਬਚਨ ਹੈ, "ਜੇ ਮੁਸੀਬਤ ਨਾਲ ਮਖ਼ੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ।" ਖਾਲਸੇ ਨੇ ਮੁਸੀਬਤਾਂ ਦੇ ਪਹਾੜ ਸਾਹਮਣੇ ਵੇਖੇ ਤੇ ਉਹਨਾਂ ਨਾਲ ਰੱਜ ਕੇ ਮਖ਼ੌਲ ਕੀਤਾ, ਜਿਸ ਕਰਕੇ ਇਹਨਾਂ ਦਾ ਖਾਲਸੇ ਤੇ ਰਤਾ ਵੀ ਅਸਰ ਨਾ ਹੋਇਆ। ਮੁਸੀਬਤ ਨੇ ਖਾਲਸੇ ਦਾ ਲੰਗਰ ਬੰਦ ਕਰ ਦਿਤਾ, ਖਾਲਸੇ ਨੇ ਕਿਹਾ ਕਿ ਲੰਗਰ ਮਸਤ ਹੋ ਗਿਆ ਹੈ। ਜੰਗਲ ਦੇ ਫਲ ਫੁਲ ਸਬਜ਼ੀਆਂ ਤੇ ਜੜੀ ਬੂਟੀਆਂ ਛਕ ਕੇ ਹੀ ਗੁਜ਼ਾਰਾ ਕਰ ਲਿਆ। ਸੰਕਟ ਦੇ ਸਮੇਂ ਨੂੰ ਅਜ਼ਮਾਇਸ਼ ਅਤੇ "ਤੇਰਾ ਭਾਣਾ ਮੀਠਾ ਲਾਗੈ" ਕਰਕੇ ਮੰਨ ਲਿਆ ਤੇ ਚੜ੍ਹਦੀਆਂ ਕਲਾ ਵਿਚ ਰਹੇ। ਜ਼ਿੰਦਗੀ ਦੇ ਦੁਖ ਤੇ ਸੁਖ, ਅਰਾਮ ਵਾਲੀਆਂ ਚੀਜ਼ਾਂ, ਇਥੋਂ ਤੱਕ ਕਿ ਘਰ ਘਾਟ ਵੀ ਛਡਣੇ ਪਏ, ਪਰ ਆਪ ਫਿਰ ਵੀ ਚੜ੍ਹਦੀ ਕਲਾ ਵਿਚ ਵਿਚਰਦੇ ਰਹੇ ਤੇ ਆਪਣੇ ਗੜਗਜ ਬੋਲਿਆਂ ਵਿਚ ਨਿਗੂਣੀ ਤੋਂ ਨਿਗੂਣੀ ਤੇ ਮਾਮੂਲੀ ਤੋਂ ਮਾਮੂਲੀ ਵਸਤੂ ਨੂੰ ਵੀ ਵਡਿਆ ਕੇ ਤੇ ਬਹੁ-ਮੁਲੀ ਕਰਕੇ ਸਦਦੇ ਰਹੇ। ਘਰ ਘਾਟ ਛਡ ਕੇ ਵਾਸਾ ਜੰਗਲਾਂ ਵਿਚ ਕੀਤਾ ਤਾਂ ਜੰਗਲ ਨੂੰ "ਰਾਮ ਰਾਜ" ਤੇ ਕੱਖਾਂ ਦੀ ਕੁਲੀ ਨੂੰ ਸ਼ੀਸ਼ ਮਹੱਲ ਕਿਹਾ। ਮੁਸੀਬਤ ਨੇ ਖਾਲਸੇ ਤੋਂ ਬਦਾਮ ਖੋਹ ਕੇ ਮੁਠੀ ਛੋਲਿਆਂ ਤੇ ਲੈ ਆਂਦਾ ਤਾਂ ਸਿੰਘਾਂ ਨੇ ਉਹਨਾਂ ਨੂੰ ਵੀ ਬਦਾਮ ਬਣਾ ਲਿਆ। ਜੇ ਰਸਦਾਂ ਮੁਕ ਗਈਆਂ ਤਾਂ ਗੱਜ ਕੇ ਕਿਹਾ ਕਿ ਰਸਦਾਂ ਵੱਧ ਗਈਆਂ ਹਨ। ਥੋੜੀ ਚੀਜ਼ ਨੂੰ ਸਵਾਈ ਕਰਕੇ ਦਸਿਆ। ਮਾੜੂਏ ਜਿਹੇ ਘੋੜੇ ਨੂੰ 'ਅਣਥਕ ਅਰਾਕਾ' ਕਹਿ ਕੇ ਵਡਿਆਇਆ।


www.AKJ.Org

ਸੰਸਾਰੀ ਲੋਕ ਜਿਨ੍ਹਾਂ ਚੀਜ਼ਾਂ ਨੂੰ ਬਹੁਤ ਵੱਡੀਆਂ ਸਮਝ ਕੇ ਉਹਨਾਂ ਪਿਛੇ ਦੌੜਦੇ ਸਨ, ਸਿੰਘ ਉਹਨਾਂ ਨੂੰ ਤੁਛ ਸਮਝਦੇ ਸਨ। ਇਸ ਲਈ ਧਨ ਦੌਲਤ ਨੂੰ 'ਡਾਇਣ', ਰੁਪਏ ਨੂੰ 'ਛਿਲੜ' ਤੇ ਪੈਸਿਆਂ ਨੂੰ 'ਠੀਕਰੇ' ਦਸਦੇ ਸਨ। ਢਹਿੰਦੀਆਂ ਕਲਾ ਤੇ ਹੀਣ ਭਾਵਾਂ ਦੇ ਲਖਾਇਕ ਨਾਂ ਤੱਕ ਬਦਲ ਦਿਤੇ ਗਏ। ਜਿਵੇਂ 'ਮਾੜਾ ਸਿੰਘ' ਤੋਂ 'ਮੁਗਲ ਮਰੋੜ ਸਿੰਘ', ਦਿਲੀ ਤੋੜ ਸਿੰਘ, ਘਸੀਟਾ ਸਿੰਘ ਤੋਂ 'ਗਿਰ ਰਾਜ ਸਿੰਘ', ਭੋਲਾ ਸਿੰਘ ਤੋਂ ਚਤਰ ਸਿੰਘ, ਨਿਕਾ ਸਿੰਘ ਤੋਂ ਸੁਮੇਰ ਸਿੰਘ, ਫਕੀਰ ਸਿੰਘ ਤੋਂ ਅਮੀਰ ਸਿੰਘ, ਤੋਤਾ ਸਿੰਘ ਤੋਂ ਸ਼ਹਿਬਾਜ਼ ਸਿੰਘ। ਇਥੋਂ ਤੱਕ ਕਿ ਅਨ੍ਹਿਆਂ, ਬੋਲਿਆਂ, ਗੁੰਗਿਆਂ, ਟੁੰਡਿਆਂ ਤੇ ਲੰਗੜਿਆਂ, ਗੰਜਿਆਂ ਤੇ ਕਾਣਿਆਂ ਨੂੰ ਵੀ ਵਡਿਆ ਕੇ ਕਰਮ ਵਾਰ—ਸੂਰਮਾ ਸਿੰਘ, ਚੁਬਾਰਾ ਸਿੰਘ, ਬ੍ਰਹਮ ਗਿਆਨ ਸਿੰਘ, ਅਸ਼ਟ ਭੁਜਾ ਸਿੰਘ, ਸੁਚਾਲਾ ਸਿੰਘ, ਕਲਗਾ ਸਿੰਘ, ਲੱਖਨੇਤਰਾ ਸਿੰਘ ਕਹਿ ਕੇ ਬੁਲਾਇਆ ਜਾਂਦਾ। ਇਹ ਸਭ ਕੁਝ ਮੁਸੀਬਤ ਨੂੰ ਵੰਗਾਰਨ ਵਾਲੀ ਗੱਲ ਸੀ। ਮੁਸੀਬਤ ਨੂੰ ਸਨਮੁਖ ਵੇਖ ਕੇ ਸਿੰਘਾਂ ਰੋਹ ਵਿਚ ਆ ਕੇ ਜੈਕਾਰਾ ਗਜਾਇਆ ਤੇ ਵੰਗਾਰ ਕੇ ਆਖਿਆ ਕਿ ਤੂੰ ਜਿਵੇਂ ਜੀ ਕਰਦਾ ਆਪਣਾ ਜ਼ੋਰ ਲਾ ਲੈ, ਅਸਾਂ ਸਦਾ ਚੜ੍ਹਦੀ ਕਲਾ ਵਿਚ ਹੀ ਰਹਿਣਾ ਹੈ। ਮੁਸੀਬਤ ਸਾਹਮਣੇ ਜੈਕਾਰਾ ਇੰਜ ਹੈ ਜਿਵੇਂ ਰੂੰ ਨੂੰ ਅੱਗ। ਕਲਗੀਧਰ ਪਾਤਸ਼ਾਹ ਦਾ ਇਹ ਸਬਕ, ਮੁਸੀਬਤ ਸਮੇਂ ਜੰਗਲਾਂ ਵਿਚ ਰਹਿੰਦਿਆਂ ਸਿੰਘਾਂ ਨੇ ਚੰਗੀ ਤਰ੍ਹਾਂ ਅਜ਼ਮਾ ਲਿਆ ਸੀ ਤੇ ਇਸ ਭੇਦ ਨੂੰ ਸਦਾ ਲਈ ਆਪਣੇ ਖ਼ੂਨ ਵਿਚ ਰਲਾ ਲਿਆ। ਇਹਨਾਂ ਜੈਕਾਰਿਆਂ ਤੇ ਗੜਗਜ ਬੋਲਿਆਂ ਨੇ ਸਿੰਘਾਂ ਨੂੰ ਸਦਾ ਹੁਲਾਰੇ ਅਤੇ ਚੜ੍ਹਦੀ ਕਲਾ ਵਿਚ ਰਖਿਆ। ਮੁਗਲ ਹਕੂਮਤ ਨੇ ਉਹਨਾਂ ਨੂੰ ਮਿਟੀ ਵਿਚ ਮਿਲਾ ਦੇਣਾ ਚਾਹਿਆ, ਪਰ ਉਹ ਅਕਾਸ਼ ਦੀਆਂ ਬੁਲੰਦੀਆਂ ਛੂਹ ਗਏ। ਉਹਨਾਂ ਉਤੇ ਮੁੜ ਮੁੜ ਦੁਖਾਂ-ਮਸੀਬਤਾਂ ਦੇ ਝਖੜ ਝੁਲੇ, ਉਹਨਾਂ ਖਿੜੇ-ਮੱਥੇ ਤੇ ਅਡੋਲ-ਚਿਤ ਰਹਿ ਕੇ ਸਭ ਕੁਝ ਸਹਿ ਲਿਆ। ਸਿੰਘ ਗੁਰੂ ਚਰਨਾਂ ਦੇ ਭੌਰੇ, ਸਦਾ ਸੇਵਾ ਤੇ ਸਿਮਰਨ ਵਿਚ ਰਤੇ ਹੋਏ, ਗੁਰੂ ਅਕਾਲ ਪੁਰਖ ਵਾਹਿਗੁਰੂ ਉਤੇ ਅਟੱਲ ਵਿਸ਼ਵਾਸ ਰਖਣ ਵਾਲੇ, ਵੰਡ ਛਕਣ ਵਾਲੇ, ਅਜ਼ਾਦੀ ਅਤੇ ਕੌਮੀ ਅਣਖ ਲਈ ਮਰ ਮਿਟਣ ਦੀ ਅਥਾਹ ਤੜਫ ਵਾਲੇ, ਆਪਾ ਗਵਾ ਕੇ ਦੂਜਿਆਂ ਨੂੰ ਵਸਾਉਣ ਵਾਲੇ ਕਿਰਦਾਰ ਦੇ ਧਾਰਨੀ ਸਨ ਤੇ ਜਦ ਆਪ ਉਨ੍ਹਾਂ ਤੇ ਆਣ ਬਣੀ ਤਾਂ ਹਸੂ ਹਸੂ ਕਰਦੇ ਕੁਰਬਾਨੀਆਂ ਦੇ ਗਏ, ਪਰ ਧਰਮ ਨੂੰ ਵੱਟਾ ਨਹੀਂ ਲਾਇਆ। ਇਹ ਸੀ ਉਹਨਾਂ ਗੜਗਜ ਬੋਲਿਆਂ ਦਾ ਅਸਰ, ਜਿਸ ਨੇ ਘਰੋਂ ਬੇਘਰ ਤੇ ਖੇਰੂੰ ਖੇਰੂੰ ਕੀਤੀ, ਜੰਗਲਾਂ ਬੇਲਿਆਂ ਵਿਚ ਰੁਲਦੀ ਕੌਮ ਨੂੰ ਹੌਸਲਾ ਨਹੀਂ ਹਾਰਨ ਦਿਤਾ। "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ" ਦੇ ਜੈਕਾਰੇ ਗੂੰਜਦੇ ਰਹੇ। ਮੁੜ ਜਥੇਬੰਦ ਹੋਏ, ਦਲ ਬਣਾਏ, ਜਥੇ ਸਾਜੇ, ਮਿਸਲਾਂ ਬਣਾਈਆਂ। ਚਾਲੀ ਵਰ੍ਹੇ ਸੰਸਾਰ ਦੀ ਸਭ ਤੋਂ ਡਾਢੀ ਤੇ ਨਿਰਦਈ ਹਕੂਮਤ ਨਾਲ ਸਿਰ ਤਲੀ ਤੇ ਧਰ ਕੇ ਟਾਕਰਾ ਕੀਤਾ। ਚਿਤ ਵਿਚ ਵਾਹਿਗੁਰੂ ਦਾ ਧਿਆਨ ਤੇ ਹੱਥ ਵਿਚ ਸਿਰੀ ਸਾਹਿਬ ਲੈ ਕੇ ਦੇਸ਼ ਦੀ ਆਨ ਸ਼ਾਨ ਦੀ ਰਾਖੀ ਕੀਤੀ। ਮੁਗਲਾਂ ਨਾਲ ਤਾਂ ਲੋਹਾ ਲੈ ਹੀ ਰਹੇ ਸਨ, ਬਾਹਰੋਂ ਹੋਰ ਆਉਣ ਵਾਲੇ ਜਰਵਾਣੇ ਤੇ ਧਾੜਵੀਆਂ ਦੇ ਵੀ ਦੰਦ ਖਟੇ ਕੀਤੇ ਤੇ ਪੰਜਾਬ ਨੂੰ ਅਜ਼ਾਦ ਕਰਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਸੁਪਨੇ ਵਾਲੇ ਲੋਕ-ਰਾਜ ਦੀ ਨੀਂਹ ਧਰੀ, ਜੋ ਖ਼ੈਬਰ ਤੋਂ ਜਮਨਾ ਨਦੀ ਤੱਕ, ਚੀਨ ਦੀ ਹੱਦ ਤੋਂ ਸਿੰਧ ਤੱਕ ਫੈਲਿਆ ਹੋਇਆ ਸੀ। ਸਾਰੇ ਕਸ਼ਮੀਰ ਦੇ ਉਤਰ ਵਾਲਾ ਇਲਾਕਾ, ਜੋ ਚੀਨ ਨੇ ੧੯੬੨ ਵਿਚ ਜ਼ਬਰਦਸਤੀ ਮੱਲ ਲਿਆ ਹੈ, ਸਾਰਾ ਜੰਮੂ ਕਸ਼ਮੀਰ, ਲਹਿੰਦਾ ਪੰਜਾਬ ਸਮੇਤ ਡੇਹਰਿਆਂ ਦੇ, ਅਤੇ ਸਾਰਾ ਹਿਮਾਚਲ ਪ੍ਰਦੇਸ ਉਸ ਰਾਜ ਵਿਚ ਸ਼ਾਮਲ ਸਨ, ਜੋ ਇਹਨਾਂ ਸਿੰਘਾਂ ਦੀ ਹਿੰਦੁਸਤਾਨ ਨੂੰ ਦੇਣ ਸੀ। ਕੀ ਕੋਈ ਹੁਣ ਸੋਚ ਸਕਦਾ ਹੈ ਕਿ ਇਹਨਾਂ ਚੋਂ ਬਾਹਰ ਨਿਕਲ ਗਏ ਇਲਾਕੇ ਮੁੜ ਹਿੰਦੁਸਤਾਨ ਦਾ ਹਿਸਾ ਬਣ ਸਕਣਗੇ? ਇਹ ਕੰਮ ਉਹਨਾਂ ਲੋਕਾਂ ਨੇ ਕੀਤਾ ਸੀ ਜਿਨ੍ਹਾਂ ਦਾ ਨਾ ਘਰ ਨਾ ਘਾਟ, ਤੇ ਜਿਨ੍ਹਾਂ ਨੂੰ ਜੰਗਲ ਬੇਲਿਆਂ ਵਿਚ ਵੀ ਨਹੀਂ ਸੀ ਰਹਿਣ ਦਿਤਾ ਜਾਂਦਾ। ਉਹਨਾਂ ਦਾ ਕਸੂਰ ਸਿਰਫ਼ ਏਨਾ ਸੀ ਕਿ ਉਹ ਸਿਖ ਹਨ, ਇਸ ਲਈ ਸਰਕਾਰ-ਵਿਦਰੋਹੀ ਹਨ। ਇਹ ਸਾਰਾ ਕ੍ਰਿਸ਼ਮਾ ਕਿਵੇਂ ਹੋਇਆ? ਇੰਜ ਕਿ ਸਿੰਘਾਂ ਮੁਸੀਬਤ ਨੂੰ ਸਾਹਮਣੇ ਵੇਖ ਕੇ ਚੜ੍ਹਦੀ ਕਲਾ ਵਾਲਾ ਜੈਕਾਰਾ ਗਜਾਇਆ ਤੇ ਦੁਨੀਆ ਨੂੰ ਸਾਬਤ ਕਰ ਦਿਤਾ ਕਿ ਮੁਸੀਬਤ ਦਾ ਦਾਰੂ ਜੈਕਾਰਾ ਗਜਾਉਣਾ ਹੈ, ਉਸ ਅਗੇ ਸਿਰ ਨੀਵਾ ਕਰਨਾ ਨਹੀਂ।

ਪਾਠਕ ਸ਼ਾਇਦ ਉਪਰਾਮ ਹੋ ਕੇ ਇਹ ਸਮਝਣ ਲਗ ਪੈਣ ਕਿ ਗੱਲ ਤਾਂ ਚਲੀ ਸੀ ਮੱਸੇ ਰੰਘੜ ਦੇ ਕੁਕਰਮ;



www.AKJ.Org

ਦੀ, ਤੇ ਇਹ ਹੋਰ ਲੜੀਆਂ ਕਿਧਰੋਂ ਚਲ ਪਈਆਂ। ਲਿਖਣ ਵਾਲੇ ਨੂੰ ਅਸਲ ਵਿਸ਼ੇ ਦਾ ਚੇਤਾ ਹੀ ਨਹੀਂ ਰਿਹਾ!

ਮਾਨਯੋਗ ਪਾਠਕ ਜੀ, ਗੱਲ ਇਹ ਨਹੀਂ। ਜਿਵੇਂ ਸ਼ੁਰੂ ਵਿਚ ਹੀ ਬੇਨਤੀ ਕੀਤੀ ਸੀ ਕਿ ਮੱਸੇ ਦਾ ਕਾਰਾ ਉਸ ਦੇ ਆਪਣੇ ਵਲੋਂ ਕੋਈ ਨਿਜੀ ਜੁਰੱਤ ਦਾ ਪ੍ਰਗਟਾਵਾ ਨਹੀਂ ਸੀ। ਇਹ ਦਿਲੀ ਤੇ ਲਾਹੌਰ ਦੀ ਮਿਲਵੀਂ ਤਾਕਤ ਦੇ ਨਾਲ ਨਾਦਰ ਸ਼ਾਹ ਦੀ ਸ਼ਹਿ ਦਾ ਨਤੀਜਾ ਸੀ। ਜਿਸ ਕੌਮ ਨੂੰ ੧੭੦੮ ਈ: ਤੋਂ ਲੈ ਕੇ ੧੭੬੫ ਤੱਕ ਜ਼ੁਲਮ ਜਬਰ ਦੀ ਤਪਦੀ ਕੁਠਾਲੀ ਵਿਚ ਪਾ ਕੇ ਤਾਓ ਦਿਤੇ ਜਾਂਦੇ ਰਹੇ, ਜਿਸ ਦੇ ਘਰ ਘਾਟ ਢਾਹ ਫੂਕ ਕੇ ਫ਼ਨਾਹ-ਫ਼ਿਲਾ ਕਰ ਦਿਤੇ ਗਏ, ਜਦ ਮਜਬੂਰੀ ਦੀ ਹਾਲਤ ਵਿਚ ਜੰਗਲਾਂ ਬੇਲਿਆਂ ਵਿਚ ਦਿਨ-ਕਟੀ ਲਈ ਪਨਾਹ ਲਈ ਤਾਂ ਉਹ ਵੀ ਸਾੜ ਫੂਕ ਦਿਤੇ ਤੇ ਉਹਨਾਂ ਦਾ ਸ਼ਿਕਾਰ ਖੇਡਿਆ ਜਾਂਦਾ ਰਿਹਾ, ਜਿਸ ਕੌਮ ਦੇ ਲਖਾਂ ਦੀ ਗਿਣਤੀ ਵਿਚ ਛੋਟੇ ਵੱਡੇ ਸਪੂਤ ਫੜ ਕੇ ਬੜੀ ਬੇ-ਦਰਦੀ ਨਾਲ ਤਸੀਹੇ ਦੇ ਦੇ ਕੇ ਕਤਲਾ ਦਿਤੇ ਗਏ; ਜਿਸ ਨਿਕੀ ਜਿਹੀ ਕੌਮ ਦੇ ਚਾਰ-ਚੁਫੇਰੇ ਤੇ ਉਤੇ ਥਲੇ ਮੌਤ ਦੇ ਕੋਟ ਵਲ ਦਿਤੇ ਗਏ ਸਨ, ਜਿਨ੍ਹਾਂ ਨੂੰ ਮਲੀਆਮੇਟ ਕਰਨ ਵਿਚ ਕੋਈ ਵੀ ਕਸਰ ਬਾਕੀ ਨਾ ਛੱਡੀ ਗਈ ਹੋਵੇ ਉਹ ਕੌਮ ਏਨੇ ਵਰ੍ਹੇ ਇਹਨਾਂ ਜਰਵਾਣਿਆਂ ਤੇ ਬੇਅਦਲਿਆਂ ਨਾਲ ਕਿਵੇਂ ਟੱਕਰੀ ਰਹੀ? ਵੇਖਣਾ ਇਹ ਹੈ ਕਿ ਆਇਆ ਉਹ ਹੌਂਸਲਾ ਛਡ ਕੇ, ਸਾਹਸ-ਹੀਣ ਹੋ ਕੇ, ਸਿਰ ਸੁਟ ਕੇ ਪੈ ਗਈ ਜਾਂ ਆਪਣੀ ਅਣਖ ਉਤੇ ਹੋਏ ਵਾਰ ਦਾ ਢੁਕਵਾਂ ਬਦਲਾ ਵੀ ਲੈ ਸਕੀ? ਸਿਖਾਂ ਤੋਂ ਪੰਜਾਬ ਲਗ ਭਗ ਖ਼ਾਲੀ ਕੁਰ ਕੇ, ਉਹਨਾਂ ਨੂੰ ਖੇਰੂੰ ਖੇਰੂੰ ਕਰ ਕੇ, ਅਤੇ ਉਹਨਾਂ ਦੇ ਧਰਮ-ਕੇਂਦਰ ਦੀ ਬੇ-ਹੁਰਮਤੀ ਕਰਨਾ ਉਹਨਾਂ ਨਾਲ ਸਭ ਤੋਂ ਵੱਡਾ ਮਖ਼ੌਲ ਸੀ ਤੇ ਉਹਨਾਂ ਦੀ ਅਣਖ ਨੂੰ ਪੈਰਾਂ ਥਲੇ ਮਧੋਲਣ ਵਾਲੀ ਗੱਲ ਸੀ। ਪਿਛੇ ਦਸੀ ਗਈ ਬਿਪਤਾ ਵਾਲੀ ਹਾਲਤ ਵਿਚ ਦਿਨ-ਕਟੀ ਕਰਦੀ ਕੌਮ ਜੇ ਬਾਦਸ਼ਾਹ ਵਲੋਂ ਆਈ ਭਾਜੀ ਮੋੜ ਦੇਵੇ ਅਤੇ ਨਿਉਂਦਾ ਉਤੋਂ ਦੀ ਪਾ ਦੇਵੇ ਤਾਂ ਜਿਤ ਕਿਸ ਦੀ ਹੋਈ? ਪਾਠਕ ਖ਼ੁਦ ਨਿਰਪਖ ਹੋ ਕੇ ਆਪ ਹੀ ਫ਼ੈਸਲਾ ਕਰ ਲੈਣ।

**ਜ਼ਕਰੀਆ ਖਾਨ ਦੀ ਸੂਬੇਦਾਰੀ ਦੇ ਪਹਿਲੇ ੬ ਸਾਲ (੧੭੨੬-੧੭੩੨) :—**

ਪਹਿਲਾਂ ਦਸਿਆ ਜਾ ਚੁਕਾ ਹੈ ਕਿ ਅਬਦ-ਸਮੱਦ ਖਾਨ ਨੇ ਸਿਖਾਂ ਦਾ ਤਲਾ ਮੂਲ ਪੁਟਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਪਿਛਲੇ ਦੋ ਕੁ ਸਾਲਾਂ ਵਿਚ ਜਦ ਉਹ ਪ੍ਰਬੰਧ ਪਖੋਂ ਕੁਥਾਂ ਫਸ ਗਿਆ ਤਾਂ ਆਪਣੇ ਮਨੋਰਥ ਲਈ ਸਿੰਘਾਂ ਨਾਲ ਥੋੜੀ ਜਿਹੀ ਰਸਾਈ ਵੀ ਕਰ ਲਈ ਤੇ ਉਹਨਾ ਤੋਂ ਭੱਟੀਆਂ, ਖਰਲਾਂ, ਬਲੋਚਾਂ ਤੇ ਪਚਾਧਿਆਂ ਨੂੰ ਦਬਾਉਣ ਲਈ ਸਹਾਇਤਾ ਵੀ ਲਈ। ਸਿਖਾਂ ਦਾ ਸਰਵਨਾਸ਼ ਕਰਨ ਲਈ ਜੋ ਉਸ ਦੀ ਨੀਤੀ ਸੀ, ਉਸ ਵਿਚ ਕੋਈ ਫ਼ਰਕ ਨਾ ਆਇਆ। ਫਿਰ ਦਿਲੀ ਦਰਬਾਰ ਨੇ ਉਸ ਨੂੰ ਮੁਲਤਾਨ ਬਦਲ ਕੇ ਉਸ ਦੀ ਥਾਂ ਪੰਜਾਬ ਰਾਜ ਦੀ ਵਾਗ ਡੋਰ ਉਸ ਦੇ ਤਜਰਬਾਕਾਰ ਤੇ ਚਤਰ ਪੁਤਰ ਜ਼ਕਰੀਆ ਖਾਨ ਦੇ ਹੱਥ ਦੇ ਦਿਤੀ। ਉਸ ਨੇ ਆਉਂਦਿਆਂ ਹੀ ਬਾਪ ਦੀ ਨੀਤੀ ਬਦਲ ਕੇ ਸਿੰਘਾਂ ਉਤੇ ਕਰੜੀ ਸਖ਼ਤੀ ਅਰੰਭ ਦਿਤੀ। ਸਿੰਘਾਂ ਨੇ ਪਿੰਡ ਗਰਾਂ ਛੱਡ ਕੇ ਜੰਗਲਾਂ, ਬੇਲਿਆਂ, ਪਹਾੜਾਂ ਤੇ ਥਲਾਂ ਵਿਚ ਜਾ ਟਿਕਾਣੇ ਮੱਲੇ। ਉਹ ਇਸ ਆਸ ਤੇ ਪਾਸੇ ਹੋ ਗਏ ਸਨ ਕਿ ਸ਼ਾਇਦ ਸਮਾ ਪੈ ਜਾਣ ਨਾਲ ਹਾਲਾਤ ਆਪਣੇ ਆਪ ਹੀ ਬਦਲ ਜਾਣ ਤੇ ਬੁਰੀ ਤਰ੍ਹਾਂ ਕੀਤੀ ਜਾ ਰਹੀ ਸਖ਼ਤੀ ਦਾ ਦੌਰ ਖ਼ਤਮ ਹੋ ਜਾਵੇ। ਪਰ ਜ਼ਕਰੀਆ ਖਾਨ ਤਾਂ ਆਇਆ ਹੀ ਸਿਖਾਂ ਦਾ ਬੀਂ ਨਾਸ ਕਰਨ ਲਈ ਸੀ, ਦੁਨੀਆ ਚੋਂ ਉੱਕਾ ਹੀ ਨਾਮੋ ਨਿਸ਼ਾਨ ਮਿਟਾ ਦੇਣ ਲਈ। ਇਸ ਲਈ ਹੁਣ ਸਿੰਘਾਂ ਲਈ ਇਸ ਤੋਂ ਵੱਧ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ ਕਿ ਆਪਣੇ ਆਪ ਨੂੰ ਜਥੇਬੰਦ ਕਰ ਕੇ ਸਰਕਾਰ ਨਾਲ ਸਿਧੀ ਟੱਕਰ ਲੈਣ। ਜ਼ਕਰੀਆ ਖਾਨ ਤਾਂ ਸਿੰਘਾਂ ਦੀ ਜ਼ਿੰਦਗੀ ਦਾ ਘੇਰਾ ਤੰਗ ਤੋਂ ਤੰਗ ਕਰੀ ਆ ਰਿਹਾ ਸੀ। ਉਹਨਾਂ ਨੂੰ ਟਾਕਰੇ ਲਈ ਹਥਿਆਰ, ਘੋੜੇ, ਸਾਜ਼ ਸਮਾਨ ਤੇ ਖਾਣ ਪੀਣ ਦੀਆਂ ਵਸਤਾਂ ਤੇ ਇਸ ਕੰਮ ਲਈ ਧਨ ਦੌਲਤ ਚਾਹੀਦਾ ਸੀ। ਇਹ ਕਿਥੋਂ ਆਵੇ? ਫ਼ੈਸਲਾ ਹੋਇਆ, ਜਿਥੋਂ ਅਤੇ ਜਿਵੇਂ ਦਾਅ ਲੱਗੇ, ਇਹ ਸਭ ਕੁਝ ਸਰਕਾਰ ਤੋਂ ਹੀ ਝਪਟਿਆ ਜਾਵੇ। ਇਸ ਕੰਮ ਲਈ ਸਿੰਘਾਂ ਦਾ ਵੱਡਾ ਸ਼ਿਕਾਰ ਉਹ ਗਸ਼ਤੀ ਫ਼ੌਜ ਸੀ ਜੋ ਉਨ੍ਹਾਂ ਪਿਛੇ ਸ਼ਿਕਾਰੀਆਂ ਵਾਂਗ ਲੱਗੀ ਹੋਈ ਸੀ। ਇਸ ਤੋਂ ਬਿਨਾਂ ਸਰਕਾਰੀ ਖ਼ਜ਼ਾਨਿਆਂ ਦੀਆਂ ਰਾਖੀਆਂ ਗਾਰਦਾਂ, ਹਥਿਆਰਾਂ ਦੀ ਸਪਲਾਈ ਵਾਲੇ ਕਾਫ਼ਲੇ, ਸ਼ਾਹੀ ਅਸਤਬਲਾਂ ਲਈ ਘੋੜਿਆਂ ਦੇ ਸੌਦਾਗਰਾਂ ਦੇ ਕਾਫ਼ਲੇ, ਰਸਦ ਤੇ ਦਾਣਾ ਪੱਠਾ ਲਈ ਜਾਂਦੇ ਸਰਕਾਰੀ ਗੱਡਿਆਂ,


www.AKJ.Org

ਉਠਾਂ ਘੋੜਿਆਂ ਖਚਰਾਂ ਦੇ ਕਾਫਲੇ, ਚੋਧਰੀਆਂ ਦੀਆਂ ਫਸਲਾਂ ਤੇ ਸਰਕਾਰ ਲਈ ਰਾਖਵੇਂ ਰਖੇ ਅਨਾਜ ਦੇ ਜ਼ਖ਼ੀਰੇ ਆਦਿ ਸਨ, ਜਿਨ੍ਹਾਂ ਨੂੰ ਸਿੰਘਾਂ, ਜਿਸ ਢੰਗ ਨਾਲ ਵੀ ਸੂਤਰ ਆਇਆ, ਲੁਟਣਾ ਸ਼ੁਰੂ ਕਰ ਦਿਤਾ। ਅਚਣਚੇਤ ਅਕਾਸ਼ੋਂ ਪੈਂਦੀ ਬਿਜ ਵਾਂਗ ਪੈਂਦੇ ਤੇ ਦੋ ਹੱਥ ਮਾਰ ਕੇ ਹਵਾ ਹੋ ਜਾਂਦੇ। ਫ਼ੌਜਾਂ ਜਦ ਮੌਕਿਆ ਵਾਲੇ ਥਾਂ ਅਪੜਦੀਆਂ ਤਾਂ ਕਿਸੇ ਦੂਜੇ ਪਾਸਿਓਂ ਸੁਣਾਉਣੀ ਆ ਜਾਂਦੀ ਕਿ ਉਥੇ ਐਨੇ ਜਵਾਨ ਤੇ ਅਫਸਰ ਸਿੰਘਾਂ ਵਲੋਂ ਸ਼ਬਖ਼ੂਨ ਵਿਚ ਮਾਰੇ ਗਏ ਹਨ, ਤੇ ਐਨਾ ਮਾਲੀ ਨੁਕਸਾਨ ਹੋ ਗਿਆ ਹੈ। ਫ਼ੌਜ ਸਿੰਘਾਂ ਮਗਰ ਤੇ ਸਿੰਘ ਫ਼ੌਜ ਮਗਰ। ਇਸ ਢੰਗ ਦੀ ਟੱਕਰ ਦਾ ਨਿਸ਼ਾਨਾ ਇਹ ਸੀ ਕਿ ਲਾਹੌਰ ਦੀ ਹਕੂਮਤ ਨੂੰ ਜਿਸ ਢੰਗ ਤਰੀਕੇ ਨਾਲ ਵੀ ਹੋਵੇ, ਮਾਰ ਮਰ ਕੇ ਏਨੀ ਕਮਜ਼ੋਰ ਤੇ ਜਰਜਰੀ ਕਰ ਦਿਤਾ ਜਾਏ ਕਿ ਉਹ ਸਖ਼ਤੀ ਕਰਨ ਜੋਗੀ ਰਹਿ ਹੀ ਨਾ ਜਾਏ। ਸਿੰਘਾਂ ਮੂਹਰੇ ਦੋ ਹੀ ਰਾਹ ਸਨ : ਇਕ ਇਹ ਕਿ ਅਣਖ-ਹੀਣ ਤੇ ਸਾਹਸ-ਹੀਣ ਹੋ ਕੇ ਕਾਇਰਾਂ ਵਾਂਗ ਮੁਗਲਾਂ ਦੇ ਜ਼ੁਲਮ ਜਬਰ ਅਗੇ ਧੌਣ ਸੁੱਟ ਦੇਣ ਮਾਰ ਖਾਈ ਜਾਣ ਤੇ ਸਦਾ ਲਈ ਮਿਟ ਜਾਣ। ਜਾਂ ਦੂਜਾ ਇਹ ਕਿ ਹੱਥਾਂ ਵਿਚ ਸ਼ਸਤਰ ਫੜ ਕੇ, ਮੱਥੇ ਜੋੜ ਕੇ ਮੈਦਾਨ ਵਿਚ ਡੱਟ ਜਾਣ ਤੇ ਮਾਰ ਮਾਰ ਜ਼ੁਲਮ ਜਬਰ ਕਰਨ ਵਾਲੀ ਸਰਕਾਰ ਦਾ ਮੂੰਹ ਭੂੰਆਂ ਦੇਣ। ਪਹਿਲੇ ਰਾਹ ਦੀ ਹਿੰਦੁਸਤਾਨ ਵਿਚ ਪਿਰਤ ਪੈ ਚੁਕੀ ਸੀ, ਤੇ ਇਹ ਰਾਹ ਸਦੀਵੀ ਗੁਲਾਮੀ ਦੇ ਜੀਵਨ ਦੀ ਮੰਜ਼ਲ ਤੇ ਮੁਕਦਾ ਸੀ। ਇਸ ਦੀ ਇਥੇ ਚੰਗੀ ਅਜ਼ਮਾਇਸ਼ ਹੋ ਚੁਕੀ ਸੀ। ਇਸ ਨੇ ਅਤਿਆਚਾਰ ਨੂੰ ਉਭਾਰਿਆ ਸੀ, ਜਰਵਾਣਿਆਂ ਤੇ ਧਾੜਵੀਆਂ ਨੂੰ ਚੋਗੂੰ ਹਲਾਸ਼ੇਰੀ ਦੇ ਦੇ ਕੇ ਹਿੰਦੁਸਤਾਨ ਦੇ ਧਨ ਦੌਲਤ ਤੇ ਸਤ-ਪਤ ਦੀ ਲੁੱਟ ਦੇ ਰਾਹ ਉਨ੍ਹਾਂ ਲਈ ਡਾਢੇ ਮੋਕਲੇ ਕਰ ਛੱਡੇ ਸਨ। ਸਿੱਟਾ ਹਜ਼ਾਰਾਂ ਵਰ੍ਹਿਆਂ ਦੀ ਗੁਲਾਮੀ, ਜ਼ਾਲਮ ਹਾਕਮਾਂ ਦੇ ਅਤਿਆਚਾਰ, ਲੋਕਾਂ ਵਿਚ ਕਾਇਰਤਾ ਤੇ ਬੇ-ਅਣਖੀ ਦਾ ਜੀਵਨ ਨਿਕਲਿਆ ਸੀ। ਦੂਜਾ ਰਸਤਾ ਸੀ ਜ਼ੁਲਮ ਜਬਰ ਦੇ ਵਿਰੁਧ ਡਟ ਜਾਣ ਦਾ। ਗੁਰੂ ਨਾਨਕ ਗੋਬਿੰਦ ਸਿੰਘ ਨੇ ਜ਼ੁਲਮ ਜਬਰ ਤੇ ਬੇ-ਇਨਸਾਫ਼ੀ ਵਿਰੁਧ ਸੂਰਮਿਆਂ ਵਾਂਗ ਡਟ ਜਾਣ ਲਈ ਹਿੰਦੁਸਤਾਨ ਦੀ ਨਿਮਾਣੀ ਲੁਕਾਈ ਨੂੰ ਸਾਹਸ-ਭਰਿਆ ਲਲਕਾਰਾ ਮਾਰਿਆ ਸੀ। ਇਸੇ ਮਨੋਰਥ ਦੀ ਪੂਰਤੀ ਲਈ ਖਾਲਸੇ ਦੀ ਸਿਰਜਣਾ ਕੀਤੀ ਗਈ ਸੀ। ਉਹ ਜਾਣਦੇ ਸਨ ਕਿ ਅਤਿਆਚਾਰੀ ਹਾਕਮਾਂ ਦੇ ਮਨਾਂ ਤੇ ਵੇਦਾਂ ਸ਼ਾਸਤਰਾਂ ਤੇ ਕੁਰਾਨਾਂ ਦੀ ਸਿਖਿਆ ਕੋਈ ਅਸਰ ਨਹੀਂ ਕਰਦੀ! ਅਤਿਆਚਾਰੀ ਨਿਜ਼ਾਮ ਇਕ ਭਰੇ ਹੋਏ ਫੋੜੇ ਵਾਂਗ ਹੁੰਦਾ ਹੈ, ਜਿਸ ਦਾ ਇਲਾਜ ਤਲਵਾਰ ਰੂਪੀ ਨਿਸ਼ਤਰ ਹੁੰਦੀ ਹੈ, ਜਿਸ ਨਾਲ ਇਸ ਨੂੰ ਚੀਰ ਫਾੜ ਕੇ ਸਾਫ਼ ਕੀਤਾ ਜਾ ਸਕਦਾ ਹੈ। ਔਰੰਗਜ਼ੇਬ ਦੇ ਰਾਜ ਦੀ ਹਾਲਤ ਤੇ ਹੋਣ ਵਾਲੇ ਅਤਿਆਚਾਰਾਂ ਨੂੰ ਸਾਹਮਣੇ ਰਖਦਿਆਂ ਗੁਰੂ ਗੋਬਿੰਦ ਸਿੰਘ ਵਲੋਂ ਔਰੰਗਜ਼ੇਬ ਨੂੰ ਲਿਖੇ ਜ਼ਫਰਨਾਮੇ ਦਾ ਇਹ ਸ਼ੇਅਰ ਇਸ ਉਪਰੋਕਤ ਲਿਖੀ ਸੱਚਾਈ ਦਾ ਲਖਾਇਕ ਹੈ :

ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ੱਸ਼ਤ।
ਹਲਾਲ ਅਸਤ ਬੁਰਦਨ ਬਹ ਸ਼ਮਸ਼ੀਰ ਦਸਤ ॥

ਅਰਥਾਤ—ਗੱਲ ਹੀਲਿਉਂ ਸਾਰਿਉਂ ਜਦ ਲੰਘ ਜਾਵੇ। ਜਾਇਜ਼ ਤਦੋਂ ਹੈ ਹੱਥ ਤਲਵਾਰ ਫੜਨੀ ॥੨੨॥

ਇਹ ਸਿੰਘ ਕਾਇਰਾਂ ਅਣਖਹੀਣਾਂ ਤੇ ਬੇਹਿੰਮਤਿਆਂ ਦਾ ਟੋਲਾ ਨਹੀਂ ਸੀ, ਸਗੋਂ ਉਹ ਗੁਰੂ ਨਾਨਕ ਦੇਵ ਦੀ ਸਾਹਸ-ਭਰਪੂਰ-ਨਿਡਰਤਾ ਤੇ ਸਰਬੱਤ ਦਾ ਭਲਾ ਮੰਗਣ ਵਾਲੀ ਸਿਖਿਆ ਦੇ ਧਾਰਨੀ ਸਨ। ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਫ਼ੁਰਮਾਨ ਵੀ ਯਾਦ ਸਨ ਕਿ "ਸ਼ਸਤਰ ਗਰੀਬ ਦੀ ਰਖਿਆ ਅਤੇ ਜਰਵਾਣੇ ਦੀ ਭਖਿਆ ਲਈ ਸਜਾਏ ਜਾਂਦੇ ਹਨ।" ਸ੍ਰੀ ਗੁਰੂ ਗੋਬਿੰਦ ਸਿੰਘ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸੰਤ-ਸਿਪਾਹੀ ਬਣ ਚੁਕੇ ਸਨ। ਇਕ ਹੱਥ ਮਾਲਾ ਤੇ ਦੂਜੇ ਹੱਥ ਆਬਦਾਰ ਤੇਗ਼ ਵੀ ਸੀ। ਮੌਤ ਨੂੰ ਮਖ਼ੌਲ ਮਸ਼ਕਰੀਆਂ ਕਰਨੀਆਂ ਉਹ ਚੰਗੂ ਸਿਖ ਚੁਕੇ ਸਨ। ਉਹ ਅਕਾਰਨ ਕਿਸੇ ਕਿਸਮ ਦਾ ਫ਼ਸਾਦ ਖੜਾ ਕਰਨਾ ਨਹੀਂ ਸਨ ਚਾਹੁੰਦੇ, ਪਰ ਜਦ ਹਕੂਮਤ ਦੀਆਂ ਗਸ਼ਤੀ ਫ਼ੌਜਾਂ ਨੇ ਉਨ੍ਹਾਂ ਨੂੰ ਪਿੰਡਾਂ ਤੋਂ ਕੱਢ ਦਿਤਾ, ਜੰਗਲਾਂ ਬੇਲਿਆਂ ਵਿਚ ਵੀ ਉਨ੍ਹਾਂ ਨੂੰ ਟਿਕਣ ਨਾ ਦੇਵੇ। ਉਨ੍ਹਾਂ ਦੇ ਬਾਲ ਬੱਚੇ ਤੀਵੀਆਂ ਬਿਰਧਾਂ ਤਕ ਲਾਹੌਰ ਲਿਜਾ ਕੇ ਕਤਲ ਕਰ ਦਿਤੇ, ਉਨ੍ਹਾਂ ਦੇ ਸਿਰਾਂ ਦੇ ਮੁਲ ਰਖ ਦਿਤੇ ਤਾਂ ਫਿਰ ਹਥਿਆਰ ਫੜੇ ਬਿਨਾਂ ਉਨ੍ਹਾਂ ਪਾਸ ਹੋਰ ਚਾਰਾ ਹੀ ਕੀ ਸੀ?


www.AKJ.Org

ਉਨ੍ਹਾਂ ਹੁਣ ਜੰਗਲਾਂ ਬੇਲਿਆਂ ਵਿਚ ਬਹੁਤੀ ਗਿਣਤੀ ਵਿਚ ਇਕ ਥਾਂ ਰਹਿ ਕੇ ਸਮਾਂ ਬਤੀਤ ਕਰਨ ਨਾਲੋਂ ਖਿਲਰ ਕੇ ਵਿਚਰਨਾ ਸ਼ੁਰੂ ਕਰ ਦਿਤਾ। ਇੰਜ ਬਹੁਤੇ ਥਾਈਂ ਇਕ ਵਾਰ ਹੀ ਛਾਪੇ ਮਾਰੇ ਜਾ ਸਕਦੇ ਸਨ ਤੇ ਸਰਕਾਰ ਨੂੰ ਬਹੁਤਾ ਪ੍ਰੇਸ਼ਾਨ ਕੀਤਾ ਜਾ ਸਕਦਾ ਸੀ। ਸਿੰਘਾਂ ਦੀ ਔਖਿਆਈ ਦਾ ਤਾਂ ਕੀ ਅੰਤ ਸੀ, ਪਰ ਉਧਰ ਗਸ਼ਤੀ ਫ਼ੌਜ ਨੂੰ ਵੀ ਅਮਨ ਚੈਨ ਨਾਲ ਸੌਣਾ ਨਾ ਮਿਲਦਾ। ਉਹ ਵੀ ਘੋੜਿਆਂ ਉਤੇ ਚੜ੍ਹੇ ਚੜ੍ਹਾਏ ਉਘਲਾਂਦੇ ਫਿਰਦੇ। ਉਨ੍ਹਾਂ ਨੂੰ ਝਾੜ ਝਾੜ ਵਿਚੋਂ ਮੌਤ ਦਾ ਫ਼ਰਿਸ਼ਤਾ ਬੈਠਾ ਨਜ਼ਰ ਆਉਣ ਲੱਗ ਪਿਆ। ਫ਼ੌਜ ਰਾਠ ਸਿੰਘਾਂ ਨੂੰ ਫੜਨ ਜਾਂ ਮਾਰਨ ਨਾਲੋਂ ਆਪਣਾ ਬਚਾਉ ਬਹੁਤਾ ਕਰਦੀ। ਸਿੰਘਾਂ ਆਪਣੀ ਜਥੇਬੰਦੀ ਨੂੰ ਹੋਰ ਅਸਰਦਾਇਕ ਬਣਾਉਣ ਲਈ ਆਪਣੇ ਆਪ ਨੂੰ ਦੋ ਦਲਾਂ ਵਿਚ ਵੰਡ ਲਿਆ–ਇਕ ਬੁਢਾ ਦਲ ਤੇ ਦੂਸਰਾ ਤਰੁਣਾ ਦਲ। ਬੁਢਾ ਦਲ ਵਿਚ ਪੰਥ ਦੇ ਵਡੇਰੀ ਉਮਰ ਵਾਲੇ ਜਥੇਦਾਰ ਸਨ, ਜਿਵੇਂ ਦੀਵਾਨ ਦਰਬਾਰਾ ਸਿੰਘ, ਸ: ਕਪੂਰ ਸਿੰਘ ਆਦਿ ਜਿਨ੍ਹਾਂ ਭਾਈ ਮਨੀ ਸਿੰਘ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ ਸੀ। ਤਰੁਣਾ ਦਲ ਵਿਚ ਨੌਜਵਾਨ ਪੀੜ੍ਹੀ ਦੇ ਸੂਰਮੇ ਸਨ, ਜੋ ਨੱਠ ਭੱਜ ਚੰਗੀ ਕਰ ਸਕਦੇ ਸਨ ਤੇ ਸੌ ਸੌ ਕੋਹਾਂ ਦੀਆਂ ਮੰਜ਼ਲਾਂ ਮਾਰਨੀਆਂ ਜਿਨ੍ਹਾਂ ਲਈ ਇਕ ਤੁਛ ਜਿਹੀ ਖੇਡ ਸੀ। ਗਸ਼ਤੀ ਫ਼ੌਜ ਦੀ ਸੁਖ ਸਾਂਦ ਜ਼ਿਆਦਾ ਤਰੁਣਾ ਦਲ ਹੀ ਪੁਛਦਾ ਹੁੰਦਾ ਸੀ। ਦੋਹਾਂ ਦਲਾਂ ਨੂੰ ਦਲ ਖਾਲਸਾ ਕਿਹਾ ਜਾਂਦਾ ਸੀ।

ਦੋਹਾਂ ਦਲਾਂ ਦਾ ਅਸੂਲ ਸੀ ਕਿ ਪਿੰਡਾਂ ਦੀ ਵਸੋਂ ਮੁਸਲਮਾਨ ਹੋਵੇ-ਜਾਂ ਹਿੰਦੂ, ਉਸ ਨੂੰ ਨਹੀਂ ਛੇੜਨਾ। ਕਰਨੀ ਦਾ ਫਲ ਸਿਰਫ਼ ਉਹੋ ਹੀ ਭਰੇ ਜਿਸ ਨੇ ਸਰਕਾਰ ਦਾ ਪਖ ਲੈ ਕੇ ਸਿੰਘਾਂ ਨਾਲ ਵਧੀਕੀ ਕੀਤੀ ਹੋਵੇ। ਨੰਬਰਦਾਰ, ਚੌਧਰੀ, ਚੁਗਲ, ਤੁਅਸਬੀ ਮੌਲਵੀ ਮੁਲਾਣੇ ਤੇ ਮੁਫ਼ਤੀ ਕਾਜ਼ੀ ਚੁਣ ਚੁਣ ਕੇ ਸੋਧੇ ਜਾਣ। ਤੇ ਇੰਜ ਹੀ ਹੋਇਆ। ਵਿਸਥਾਰ ਨਾਲ ਤਾਂ ਕਿਤੇ ਹੋਰਸ ਥਾਂ ਦਿਤਾ ਗਿਆ ਹੈ, ਜੋ ਇਥੇ ਦੇਣਾ ਮੁਸ਼ਕਲ ਹੈ, ਪਰ ਇਸ਼ਾਰੇ ਮਾਤਰ ਕੁਝ ਕੁ ਘਟਨਾਵਾਂ ਦਰਜ ਕਰ ਦੇਂਦਾ ਹਾਂ, ਤਾਕਿ ਜ਼ਕਰੀਆ ਖ਼ਾਨ ਦੀ ਤਾਕਤ ਤੇ ਸਫਲਤਾ ਦਾ ਪਾਠਕਾਂ ਨੂੰ ਪਤਾ ਲਗ ਜਾਵੇ।

(੧) ਸਾਵਣ-ਭਾਦੋਂ ਸੰਮਤ ੧੭੮੩ ਬਿਕ੍ਰਮੀ (ਜੁਲਾਈ ਅਗਸਤ ੧੭੨੬ ਈ:) ਨੂੰ ਤਿੰਨਾਂ ਪਾਸਿਆਂ ਤੋਂ ਲਾਹੌਰ ਵਲ ਨੂੰ ਆ ਰਹੇ ਸ਼ਾਹੀ ਖ਼ਜ਼ਾਨੇ ਦਾ ਸਿੰਘਾਂ ਨੂੰ ਪਤਾ ਲੱਗ ਗਿਆ। ਨਾਲ ਤਕੜੀਆਂ ਗਾਰਦਾਂ ਤੇ ਗਸ਼ਤੀ ਫ਼ੌਜ ਦੇ ਫਿਰਦਿਆਂ ਹੋਇਆਂ ਵੀ ਚੂਨੀਆਂ ਦੇ ਇਲਾਕੇ ਵਲ ਦਾ ਤੁਰਿਆ ਆ ਰਿਹਾ ਮਾਲੀਆ, ਖੁਡੀਆਂ (ਜ਼ਿਲਾ ਲਾਹੌਰ) ਵਿਖੇ, ਚਵਿੰਡੇ ਤਹਿਸੀਲ (ਜ਼ਿਲਾ ਅੰਮ੍ਰਿਤਸਰ) ਦਾ ਇਕੱਠਾ ਹੋਇਆ ਖ਼ਜ਼ਾਨਾ ਚਵਿੰਡੇ ਦੀ ਜੂਹ ਵਿਚ ਤੇ ਕਸੂਰ ਵਲੋਂ ਆ ਰਿਹਾ ਖ਼ਜ਼ਾਨਾ ਕਾਨ੍ਹੇ ਕਾਛੇ (ਜ਼ਿਲਾ ਲਾਹੌਰ) ਲਾਗੇ ਲੁਟ ਲਿਆ ਗਿਆ। ਕੁਝ ਘੋੜੇ ਤੇ ਸਾਜ਼ੋ ਸਾਮਾਨ ਤੋਂ ਬਿਨਾਂ ੫ ਲਖ ਰੁਪਏ ਸਿੰਘਾਂ ਦੇ ਹੱਥ ਲਗੇ।

(੨) **ਘੋੜਿਆਂ ਦਾ ਕਾਫ਼ਲਾ ਲੁਟਣਾ** :–ਖ਼ਜ਼ਾਨਿਆਂ ਦੀ ਲੁਟ ਤੋਂ ਅਗਲੇ ਮਹੀਨੇ ਇਸੇ ਸਾਲ (ਅੱਸੂ ਸੰਮਤ ੧੭੮੩, ਸਤੰਬਰ ੧੭੨੬) ਦੀ ਗੱਲ ਹੈ ਕਿ ਮੁਰਤਜ਼ਾ ਖ਼ਾਨ ਉਚਕਜ਼ਈ ਕੰਧਾਰੀ ਘੋੜਿਆਂ ਦਾ ਸੌਦਾਗਰ ਬੜੀ ਵਧੀਆਂ ਨਸਲ ਦੇ ਘੋੜੇ ਸ਼ਾਹੀ ਅਸਤਬਲ ਲਈ ਦਿਲੀ ਨੂੰ ਲਈ ਜਾ ਰਿਹਾ ਸੀ। ਸਿੰਘਾਂ ਨੂੰ ਵੀ ਕਨਸੋਅ ਮਿਲ ਗਈ ਕਿ ਇਹ ਸੌਦਾਗਰ ਕਾਫ਼ਲਾ ਨਾਲ ਲਈ ਜੰਡਿਆਲੇ ਉੱਤਰਿਆ ਹੋਇਆ ਹੈ। ਸਿੰਘਾਂ ਰਾਤ ਹੱਲਾ ਕੀਤਾ, ਸੁਤੇ ਪਏ ਸੁੱਤੇ ਹੀ ਰਹਿ ਗਏ। ਮੁਰਤਜ਼ਾ ਖ਼ਾਨ ਘਾਹ ਦੀਆਂ ਪੰਡਾਂ ਵਿਚ ਲਕ ਕ ਬਚ ਗਿਆ। ਸਿੰਘ ਲੋੜੀਦਾ ਸਾਮਾਨ ਤੇ ਸਾਰੇ ਘੋੜੇ ਲੈ ਕੇ ਔਹ ਗਏ ਤਾਂ ਬੰਡਾਲੇ ਦੀ ਬੀੜ ਵਿਚ ਜਾ ਵੜੇ। ਅਗਲੇ ਦਿਨ ਸਵੇਰ ਜੰਡਿਆਲੇ ਦੇ ਮਹੰਤ ਆਕਲ ਦਾਸ ਨੇ ਮੁਰਤਜ਼ਾ ਖ਼ਾਨ ਨੂੰ ਘਾਹ ਚੋਂ ਕੱਢ ਕੇ ਲਾਹੌਰ ਪਹੁੰਚਾ ਦਿਤਾ।

(੩) ਮੁਹੰਮਦ ਜਾਅਫ਼ਰ ਖ਼ਾਨ ਸੱਤ ਹਜ਼ਾਰੀ, ਜੋ ਮੁਹੰਮਦ ਸ਼ਾਹ ਰੰਗੀਲੇ ਦਾ ਸਾਲਾ ਸੀ, ਇਸੇ ਸਾਲ ਸ਼ੁਰੂ ਸਰਦੀਆ ਵਿਚ ਕਾਫ਼ੀ ਸੋਨਾ ਚਾਂਦੀ, ਖ਼ੁਸ਼ਕ ਮੇਵੇ ਤੇ ਹੋਰ ਕੀਮਤੀ ਲੀੜਾ ਲੱਤਾ ਤੇ ਕੀਮਤੀ ਸਾਮਾਨ ਲੈ ਕੇ ਆਪਣੇ ਕਬੀਲੇ ਦੇ ਬਹੁਤ ਸਾਰੇ ਆਦਮੀਆਂ ਨਾਲ ਪਿਸ਼ਾਵਰੋਂ ਦਿਲੀ ਨੂੰ ਜਾ ਰਿਹਾ ਸੀ। ਬੁਢਾ ਸਿੰਘ ਸੁਕਰਚੱਕੀਆ ਤੇ ਬਾਘ ਸਿੰਘ ਹੱਲੋਵਾਲੀਏ (ਸ: ਜੱਸਾ ਸਿੰਘ ਆਹਲੂਵਾਲੀਏ ਦਾ ਮਾਮਾ) ਨੂੰ ਸ਼ਿਕਾਰ ਦੀ ਸੂਹ ਮਿਲ ਗਈ।


www.AKJ.org

ਉਹ ਬਾਜ ਵਾਂਗ ਸ਼ੂਟ ਮਾਰ ਕੇ ਆਏ ਤੇ ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿਖੇ ਇਹ ਕਾਫ਼ਲਾ ਜਾ ਮਾਰਿਆ ਤੇ ਪੂਰੀ ਤਰ੍ਹਾਂ ਮਾਂਜ ਸਟਿਆ।

ਇਹ ਗੱਲ ਯਾਦ ਰਖੀ ਜਾਣੀ ਚਾਹੀਦੀ ਹੈ ਕਿ ਸਿੰਘ ਇਨ੍ਹਾਂ ਹੱਲਿਆਂ ਰਾਹੀਂ ਸ਼ਾਹੀ ਮਾਲ ਦੌਲਤ ਦੀ ਲੁਟ ਤੇ ਖੋਹ ਖਿੰਜ ਕਿਸੇ ਲਾਲਚ ਨੂੰ ਮੁਖ ਰਖ ਕੇ ਨਹੀਂ ਕਰਦੇ ਸਨ। ਕਈ ਇਕ ਲਿਖਾਰੀਆਂ ਨੇ ਗਲਤ ਗਲਤ ਅੰਦਾਜ਼ੇ ਲਾ ਕੇ ਸਿੰਘਾਂ ਨੂੰ ਡਾਕੂ ਤੇ ਲੁਟੇਰੇ ਲਿਖ ਮਾਰਿਆ ਹੈ। ਬਹੁਤੇ ਮੁਸਲਮਾਨ ਲਿਖਾਰੀ ਤੁਅਸਬ ਤੇ ਪਖਪਾਤ ਤੋਂ ਬਚ ਨਹੀਂ ਸਕੇ। ਹਿੰਦੂ ਲਿਖਾਰੀਆਂ ਨੇ ਆਪਣੇ ਮਾਲਕਾਂ ਨੂੰ ਸੱਚੀ ਗੱਲ ਲਿਖ ਕੇ ਨਾਰਾਜ਼ ਕਰਕੇ ਮੌਤ ਨਹੀਂ ਸੀ ਸਹੇੜਨੀ। ਉਨ੍ਹਾਂ ਮੁਸਲਮਾਨ ਇਤਿਹਾਸਕਾਰਾਂ ਨਾਲੋਂ ਵੀ ਵਧ ਕੇ ਸਿਖਾਂ ਨੂੰ ਕੋਸਿਆ ਤੇ ਭੰਡਿਆ ਹੈ। ਅੰਗ੍ਰੇਜ਼ ਲਿਖਾਰੀਆਂ ਨੇ ਇਨ੍ਹਾਂ ਸੋਮਿਆਂ ਨੂੰ ਹੀ ਆਪਣੀ ਜਾਣਕਾਰੀ ਦਾ ਆਧਾਰ ਬਣਾ ਕੇ ਇਤਿਹਾਸ ਵਿਚ ਕਾਫ਼ੀ ਰੋਲ-ਘਚੋਲਾ ਮਾਰ ਦਿਤਾ ਹੈ। ਕੁਝ ਇਕ ਮੁਸਲਮਾਨ ਲਿਖਾਰੀਆਂ, ਜਿਨ੍ਹਾਂ ਸੱਚ ਦਾ ਪੱਲਾ ਨਹੀਂ ਛੱਡਿਆ, ਤੋਂ ਅਸਲ ਵਿਥਿਆ ਦਾ ਪਤਾ ਲਗਦਾ ਹੈ।

ਸਿੰਘਾਂ ਦਾ ਇਨ੍ਹਾਂ ਹੱਲਿਆਂ ਤੋਂ ਇਕ ਹੀ ਮਨੋਰਥ ਸੀ ਕਿ ਲਾਹੌਰ ਦੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਾ ਦਿਤੀ ਜਾਵੇ, ਤਾਕਿ ਸਿੰਘਾਂ ਉਤੇ ਅਜਾਈਂ ਅਤਿਆਚਾਰ ਕਰਨ ਵਲੋਂ ਉਸ ਦਾ ਧਿਆਨ ਘਟ ਜਾਵੇ। ਉਸ ਨੂੰ ਕਮਜ਼ੋਰ ਕਰਨ ਤੋਂ ਬਿਨਾਂ ਹੋਰ ਕੋਈ ਭਾਵ ਨਹੀਂ ਸੀ।

ਜੇ ਖੋਹਾਂ ਖਿੰਜਾਂ ਕਰ ਕੇ ਧਨ ਦੌਲਤ ਹੀ ਸਮੇਟਣਾ ਹੁੰਦਾ ਤਾਂ ਭਾਈ ਪ੍ਰਤਾਪ ਚੰਦ ਦਾ ਬਹੁਮੁੱਲੇ ਮਾਲ ਨਾਲ ਲੱਦਿਆ-ਪੱਥਿਆ ਟਾਂਡਾ, ਜੋ ਦੀਵਾਨ ਦਰਬਾਰਾ ਸਿੰਘ ਤੇ ਕਪੂਰ ਸਿੰਘ ਨੇ ਸ੍ਰੀ ਹਰਿਗੋਬਿੰਦਪੁਰ ਲਾਗੇ ਛਾਪਾ ਮਾਰ ਕੇ ਲੁਟ ਲਿਆ ਸੀ, ਪਤਾ ਲਗਣ ਤੇ ਕਿ ਇਹ ਸ਼ਾਹੀ ਘਰਾਣੇ ਦਾ ਖ਼ਰੀਦਿਆ ਮਾਲ ਨਹੀਂ, ਸਗੋਂ ਇਕ ਸੌਦਾਗਰ ਪ੍ਰਤਾਪ ਚੰਦ ਦਾ ਹੈ, ਤਾਂ ਸਾਰਾ ਸਾਮਾਨ ਤੇ ਮਾਲ ਧਨ ਇਕੱਠਾ ਕਰ ਕੇ ਉਸ ਨੂੰ ਵਾਪਸ ਕਿਉਂ ਦੇ ਦਿਤਾ ਜਾਂਦਾ ? ਸਿੰਘਾਂ ਦੇ ਉੱਚੇ ਆਚਰਣ ਦੀ ਇਹ ਮੂੰਹ-ਬੋਲਦੀ ਤਸਵੀਰ ਹੈ ਤੇ ਝੂਠੀਆਂ ਊਜਾਂ ਦੇ ਵਿਰੁਧ ਇਕ ਅਕੱਟ ਸਬੂਤ ਹੈ। ਇਹ ਸਪਸ਼ਟ ਗਵਾਹੀ ਸਾਬਤ ਕਰਦੀ ਹੈ ਕਿ ਉਹ ਮਾਲੋ-ਦੌਲਤ ਦੇ ਲੁਟਣ ਖ਼ਾਤਰ ਹੱਲੇ ਨਹੀਂ ਸਨ ਕਰਦੇ, ਸਗੋਂ ਲਾਹੌਰ ਸਰਕਾਰ ਨੂੰ ਮੱਤ ਦੇਣ ਲਈ ਕਰਦੇ ਸਨ। ਇਸ ਤੋਂ ਪਿਛੋਂ ਵੀ ਜਦ ਕਦੇ ਇਹੋ ਜਿਹਾ ਭੁਲੇਖਾ ਪਿਆ, ਲੁਟ ਦਾ ਮਾਲ ਤੁਰੰਤ ਵਾਪਸ ਕਰ ਦਿਤਾ ਗਿਆ।

(੪) **ਚਵਿੰਡੇ (ਜ਼ਿਲਾ ਅੰਮ੍ਰਿਤਸਰ) ਵਿਖੇ ਝੜਪ** :–ਚੜ੍ਹਦੇ ਚੇਤ ੧੭੯੪ ਸੰਮਤ ਦੀ ਗੱਲ ਹੈ ਕਿ ਇਥੋਂ ਦੇ ਜਥੇਦਾਰ ਬਹਾਦਰ ਸਿੰਘ ਦੇ ਪੁਤ ਦੇ ਆਨੰਦ ਸਮੇਂ ਕੁਝ ਗਨ ਸਿੰਘ ਇਕੱਠੇ ਹੋਏ ਸਨ। ਲਾਗਲੇ ਪਿੰਡਾਂ ਦਿਆਂ ਚੁਗਲਾਂ ਮੁਖਬਰੀ ਕਰ ਕੇ ਫ਼ੌਜ ਚੜ੍ਹਾ ਲਿਆਂਦੀ। ਫ਼ੌਜ ਨੇ ਸਿੰਘਾਂ ਨੂੰ ਘੇਰ ਕੇ ਫੜਨਾ ਚਾਹਿਆ। ਉਹ ਕਦ ਕਾਬੂ ਆਉਣ ਵਾਲੇ ਸਨ। ਬਾਹਰ ਨਿਕਲ ਕੇ ਫ਼ੌਜ ਦੇ ਗਲ ਪੈ ਗਏ ਤੇ ਕਟਾ-ਵੱਢ ਕਰਦੇ ਹੋਏ ਨਿਕਲ ਗਏ। ੧੦ ਸਿੰਘ ਤੇ ੩੦ ਫ਼ੌਜੀ ਖੇਤ ਰਹੇ ਤੇ ੯੫ ਕੁ ਹੋਰ ਫ਼ੌਜੀ ਘਾਇਲ ਹੋ ਗਏ। ਗੁੱਸੇ ਵਿਚ ਬਿਫਰੀ ਹੋਈ ਬਾਕੀ ਦੀ ਫ਼ੌਜ ਜਦ ਵਿਆਹ ਵਾਲੇ ਘਰ ਜਨਾਨੀਆਂ ਨੂੰ ਫੜਨ ਲਈ ਗਈ ਤਾਂ ਉਨ੍ਹਾਂ ਸੇਲੇ ਸੋਟੇ ਤੇ ਸਲੰਘਾਂ ਚੁਕ ਲਈਆਂ। ਪਿੰਡ ਦੀਆਂ ਹੋਰ ਜੱਟੀਆਂ ਵੀ ਡੰਡਾ ਸੋਟਾ ਤੇ ਇੱਟ ਵੱਟਾ ਲੈ ਕੇ ਆਣ ਪਈਆਂ ਤੇ ਫ਼ੌਜ ਨੂੰ ਪਿੰਡੋਂ ਕਢ ਕੇ ਹੀ ਛਡਿਆ। ਪਿੰਡ ਦੇ ਲੋਗ ਕੁਝ ਸਮੇਂ ਲਈ ਲਾਂਭ ਚਾਂਭ ਹੋ ਗਏ। ਫ਼ੌਜ ਨੇ ਮੁਰਦੇ ਅਗਲੇ ਦਿਨ ਚੁਕੇ। ਸਿਖਾਂ ਦੇ ਘਰ ਸਾੜ ਕੇ ਗੱਚ ਕਢਿਆ।

(੫) ਇਹੋ ਹੀ ਸਮਾਂ ਹੈ ਜਦ ਭਾਈ ਤਾਰਾ ਸਿੰਘ ਨੇ ਸੂਰਮਿਆਂ ਵਾਲੀ ਕਰ ਵਿਖਾਈ। ਬੜੀ ਦੇਰ ਤਕ ਸਿੰਘਾਂ ਲਈ ਠਾਹਰ ਬਣਾਈ ਰਖੀ। ਜਦ ਅਣਖ ਤੇ ਮਾਣ ਮਰਯਾਦਾ ਉਤੇ ਆਣ ਬਣੀ ਤਾਂ ਜ਼ਕਰੀਆ ਖ਼ਾਨ ਦੀ ਲਾਹੌਰੀ ਫ਼ੌਜ ਦੇ ਸਨਮੁਖ ਹੋ ਕੇ ਗਾਜ਼ੀਆਂ ਨੂੰ ਬਹਿਸ਼ਤਾਂ ਦੇ ਪ੍ਰਵਾਨੇ ਦੇਂਦਾ ਹੋਇਆ ਸ਼ਹੀਦ ਹੋ ਗਿਆ।

ਜ਼ਕਰੀਆ ਖ਼ਾਨ ਜਿਉਂ ਜਿਉਂ ਸਖ਼ਤੀ ਕਰਦਾ ਗਿਆ, ਪਿੰਡਾਂ ਵਿਚ ਸਿੰਘਾਂ ਪ੍ਰਤੀ ਹਮਦਰਦੀ ਦਿਨ


www.AKJ.Org

ਬਦਿਨ ਵਧਦੀ ਗਈ। ਹਕੂਮਤ ਦੀ ਸਿੰਘਾਂ ਹੱਥੋਂ ਜੋ ਹੇਠੀ ਹੋ ਰਹੀ ਸੀ, ਇਸ ਨੂੰ ਵੇਖ ਕੇ ਲੋਕਾਂ ਦੇ ਹੌਸਲੇ ਹੋਰ ਵੀ ਵਧ ਗਏ। ਮਨਚਲੇ ਗੱਭਰੂ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤ ਛਕ ਛਕ ਕੇ ਨਾਲ ਰਲਦੇ ਗਏ। ਤਰੁਣਾ ਦਲ ਦੀ ਗਿਣਤੀ ਏਨੀ ਵਧ ਗਈ ਕਿ ਦੀਵਾਨ ਦਰਬਾਰਾ ਸਿੰਘ ਤੇ ਸ: ਕਪੂਰ ਸਿੰਘ ਨੇ ਭਾਈ ਮਨੀ ਸਿੰਘ ਦੀ ਅਗਵਾਈ ਵਿਚ ਸਰਬਤ ਖਾਲਸੇ ਦਾ ਦੀਵਾਨ ਸਜਾ ਕੇ ਤਰੁਣਾ ਦਲ ਦੇ ੫ ਜਥੇ ਬਣਾ ਦਿਤੇ, ਜੋ ਇਸ ਪ੍ਰਕਾਰ ਸਨ :

੧. ਪਹਿਲਾ ਨਿਸ਼ਾਨ ਭਾਈ ਦੀਪ ਸਿੰਘ (ਪਿਛੋਂ ਬਾਬਾ ਦੀਪ ਸਿੰਘ) ਨੂੰ ਦੇ ਕੇ ਇਕ ਡੇਰਾ ਉਸ ਦੀ ਅਗਵਾਈ ਵਿਚ ਕੀਤਾ ।

੨. ਦੂਸਰਾ ਭਾਈ ਕਰਮ ਸਿੰਘ ਧਰਮ ਸਿੰਘ ਅੰਮ੍ਰਿਤਸਰੀਆਂ ਨੂੰ ਦਿਤਾ।

੩. ਤੀਸਰਾ ਬਾਬਾ ਕਾਹਨ ਸਿੰਘ ਬਿਨੋਦ ਸਿੰਘ ਗੋਇੰਦਵਾਲੀਆਂ ਨੂੰ।

੪. ਚੌਥਾ ਭਾਈ ਦਸੌਂਧਾ ਸਿੰਘ ਕੋਟ ਬੁਢੇ ਵਾਲੇ ਨੂੰ, ਅਤੇ

੫. ਪੰਜਵਾਂ ਭਾਈ ਬੀਰੂ ਸਿੰਘ ਮਦਨ ਸਿੰਘ ਨੂੰ ਦਿਤਾ।

(੬) ੧੭੮੬ ਬਿਕਰਮੀ ਵਿਚ ਮੁਹੰਮਦ ਸ਼ਾਹ ਦਿਲੀ ਵਾਲੇ ਨੇ ਹੁਕਮ ਦੇ ਕੇ ਹੈਬਤ ਖ਼ਾਨ ਤੇ ਅਬਦੁਲ ਖ਼ਾਨ ਰੁਹੇਲੇ ਸਰਦਾਰਾਂ ਨੂੰ ਦੋ ਹਜ਼ਾਰ ਜੰਗਜੂ ਰੁਹੇਲੇ ਸਵਾਰ ਦੇ ਕੇ ਲਾਹੌਰ ਦਰਬਾਰ ਜ਼ਿਮੇ ਤਿੰਨ ਸਾਲਾਂ ਦੀ ਜਮ੍ਹਾਂ ਹੋਈ ਮਾਲ-ਗੁਜ਼ਾਰੀ ਲੈ ਆਉਣ ਲਈ ਲਾਹੌਰ ਵੱਲ ਭੇਜਿਆ। ਇਹ ਸਾਰਾ ਮਾਲ ਧਨ, ਜੋ ਕਈ ਲਖ ਰੁਪਏ ਪੈਸੇ ਤੇ ਸੋਨੇ ਚਾਂਦੀ ਦੇ ਰੂਪ ਵਿਚ ਸੀ, ੮੦ ਗੱਡਿਆਂ ਵਿਚ ਲੱਦ ਕੇ ਦਿੱਲੀ ਵੱਲ ਨੂੰ ਤੋਰਿਆ ਤਾਂ ਸਿੰਘਾਂ ਨੂੰ ਵੀ ਖ਼ਬਰ ਮਿਲ ਗਈ। ਇਹ ਕਾਫ਼ਲਾ ਗਾਰਦ ਸਮੇਤ ਨੂਰਦੀਨ ਦੀ ਸਰਾਂ ਲਾਗੇ (ਤਰਨ ਤਾਰਨੋਂ ਛੇ ਕੁ ਕਿਲੋਮੀਟਰ ਲਹਿੰਦੇ ਵਿਚ) ਲਾਗੇ ਉਤਰਿਆ ਸੀ ਜਦ ਸਿੰਘ ਆਣ ਪਏ ਤੇ ਕਈ ਲਖ ਖੋਹ ਖਿੰਜ ਕੇ ਚਲਦੇ ਬਣੇ। ਬਹੁਤ ਸਾਰੇ ਰੁਹੇਲੇ ਵੱਢੇ ਟੁਟੇ ਗਏ ਤੇ ਕਈਆਂ ਨੇ ਭਜ ਕੇ ਜਾਨਾਂ ਬਚਾਈਆਂ। (ਗਿ: ਗਿਆਨ ਸਿੰਘ ਦੀ ਰਾਏ ਹੈ ਕਿ ਜ਼ਕਰੀਆ ਖ਼ਾਨ ਨੇ ਪੂਰਾ ਲੇਖਾ ਦੇਣੋਂ ਬਚਣ ਲਈ ਕਾਫ਼ਲਾ ਸਿੰਘਾਂ ਨੂੰ ਕਹਿ ਕੇ ਲੁਟਵਾਇਆ ਸੀ। ਪਰ ਦੂਜੇ ਬੰਨੇ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਭਾਵੇਂ ਜ਼ਕਰੀਆ ਖ਼ਾਨ ਸਿੰਘਾਂ ਨੂੰ ਨਾ ਵੀ ਕਹਿੰਦਾ, ਉਹ ਏਡੇ ਵਡੇ ਮੋਟੇ ਸ਼ਿਕਾਰ ਨੂੰ ਪੰਜਾਬ ਦੀ ਜੂਹ ਚੋਂ ਬਚ ਕੇ ਸੁੱਕਾ ਜਾਣ ਤਾਂ ਦੇਣ ਲੱਗੇ ਨਹੀਂ ਸਨ। ਇਸ ਨੇ ਹਰ ਹਾਲਤ ਵਿਚ ਲੁਟੇ ਜਾਣਾ ਸੀ।) ਜ਼ਕਰੀਆ ਖ਼ਾਨ ਦਾ ਖ਼ਿਆਲ ਸੀ ਕਿ ਉਹ ਪੂਰੀ ਸਖ਼ਤੀ ਕਰ ਕੇ ਖਾਲਸੇ ਨੂੰ ਮੁਕਾ ਦੇਵੇਗਾ, ਪਰ ਉਹ ਇਸ ਦੇ ਉਲਟ ਕੌੜੀ ਵੇਲ ਵਾਂਗੂੰ ਵਧਦਾ ਜਾ ਰਿਹਾ ਸੀ। ਉਸ ਦੇ ਹੱਲਿਆਂ ਨੇ ਮੁਲਕ ਭਰ ਵਿਚ ਅਬਤਰੀ ਫੈਲਾ ਦਿਤੀ। ਲਾਹੌਰ ਤੇ ਦਿਲੀ ਨੂੰ ਮਾਲੀਆ ਉਗਰ ਕੇ ਅੱਪੜਨਾ ਔਖਾ ਹੋ ਗਿਆ।

—ਚਲਦਾ]

---

# ਭਾਈ ਸਾਹਿਬ ਭਾ: ਰਣਧੀਰ ਸਿੰਘ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ਵਿਦਿਆ ਪ੍ਰਾਪਤ ਕਰ ਰਹੇ ਰਹਿਤਵਾਨ ਬੱਚਿਆਂ ਨੂੰ ਜੋ ਵਜ਼ੀਫ਼ੇ ਦਿਤੇ ਜਾਂਦੇ ਹਨ ਉਸ ਲਈ ਜਿਨ੍ਹਾਂ ਬੱਚਿਆਂ ਨੇ ਦਰਖ਼ਾਸਤਾਂ ਦੇਣੀਆਂ ਹਨ, ਉਹ ਬਕਾਇਦਾ ਫ਼ਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ, ਵਾਪਸ ਓਸੇ ਪਤੇ ਹੀ ੩੧-੮-੮੫ ਤਕ ਭੇਜ ਦੇਣ। ਇਸ ਤੋਂ ਪਿਛੋਂ ਆਈਆਂ ਦਰਖਾਸਤਾਂ ਨਹੀਂ ਵਿਚਾਰੀਆਂ ਜਾਣਗੀਆਂ।

ਫ਼ਾਰਮ ਮੰਗਾਣ ਦਾ ਪਤਾ—ਭਾਈ ਬਲਬੀਰ ਸਿੰਘ ਜੀ, ੨੩—ਜੀ, ਸਰਾਭਾ ਨਗਰ, ਲੁਧਿਆਣਾ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ


www.AKJ.Org

# ਸੰਕਟ-ਮਈ ਸਮਾਂ

[ਸ: ਸਤਨਾਮ ਸਿੰਘ ਵਿਰਕ, ਬਟਾਲਾ]

ਖਾਲਸਾ ਜੀਉ, ਸੰਕਟ ਮਈ ਸਮਾਂ ਗੁਜ਼ਰ ਰਿਹਾ ਹੈ 'ਸਿੱਖਾਂ' ਉਤੇ। ਘਲੂਘਾਰਿਆਂ ਬਾਰੇ ਇਤਿਹਾਸ ਪੜ੍ਹਿਆ ਕਰਦੇ ਸਾਂ ਜਾਂ ਸੁਣਿਆ ਕਰਦੇ ਸਾਂ, ਪਰ ਕੀ ਪਤਾ ਸੀ ਕਿ ਸਭ ਕੁਛ ਅੱਖੀਂ ਵੇਖਣਾ ਹੈ। ਸਭ ਅਕਾਲ ਪੁਰਖ ਦੇ ਹੁਕਮ ਅੰਦਰ ਹੋ ਰਿਹਾ ਹੈ। ਮੁੱਢ ਤੋਂ ਹੀ ਜ਼ਾਲਮ ਸਰਕਾਰਾਂ ਸਿੰਘਾਂ ਉਤੇ ਜ਼ੁਲਮ ਢਾਹੁੰਦੀਆਂ ਰਹੀਆਂ ਹਨ, ਚਾਹੇ ਉਹ ਸਰਕਾਰ ਕਿਸੇ ਵੀ ਫਿਰਕੇ ਦੀ ਹੋਵੇ।

ਸਿੰਘ ਹਮੇਸ਼ਾ "ਅਸਲ ਅਤਿਵਾਦ" ਦੇ ਵਿਰੁੱਧ ਲੜਦਾ ਆ ਰਿਹਾ ਹੈ, ਜਿਸ ਅਤਿਵਾਦ ਦੇ ਸਰਕਾਰਾਂ ਨੇ ਜਾਮੇ ਪਹਿਨੇ ਹੁੰਦੇ ਹਨ। ਪਰ ਇਹ ਸਿੰਘਾਂ ਉਤੇ ਕਲਗੀਧਰ ਪਿਤਾ ਦੀ ਮਿਹਰਬਾਨੀ ਹੈ ਕਿ ਸਿੰਘ ਕਦੇ ਵੀ ਜ਼ੁਲਮ ਦੇ ਅੱਗੇ ਝੁਕਿਆ ਨਹੀਂ।

ਅੱਜ ਜੋ ਕੁਛ ਕੌਮ ਨਾਲ ਵਾਪਰਿਆ ਹੈ, ਉਹਨੂੰ ਸਿਰਫ ਸੰਗਤਾਂ ਹੀ ਮਹਿਸੂਸ ਕਰ ਰਹੀਆਂ ਹਨ, ਨਾ ਕਿ ਕੌਮ ਦੇ ਲੀਡਰ। ਅੱਜ ਵੀ ਕੁਰਸੀ ਲਈ ਤੜਪ ਰਹੇ ਹਨ ਤੇ ਆਪੋ ਵਿਚ ਹੀ ਜ਼ੋਰ-ਅਜ਼ਮਾਈ ਕਰ ਰਹੇ ਹਨ।

## ਪੰਥਕ ਲੀਡਰਾਂ ਨੂੰ ਬੇਨਤੀ

ਕਾਹਦੀ ਆਪੋ ਵਿਚ ਹੈ, ਪਾ ਲਈ ਤੁਸਾਂ ਲੜਾਈ।
ਬੀਤੀ ਵਲ ਝਾਤੀ ਮਾਰੋ, ਹੋਈ ਹੈ ਜੋ ਤਬਾਹੀ।

ਅੱਜ ਅਣਖੀ ਕੌਮ ਦੀ, ਹੱਥ ਡੋਰ ਹੈ ਤੁਸਾਂ ਦੇ।
ਅਸੀਂ ਕੀ ਕਰੀਏ ? ਕੀ ਵਸ ਹੈ ਅਸਾਂ ਦੇ।

ਹਰਿਮੰਦਰ ਦੀ ਆਨ ਸ਼ਾਨ ਨੂੰ ਧੱਬਾ ਬਹੁਤ ਹੈ ਲੱਗਾ।
ਭੁਲ ਕੇ ਪਿਛਲੀਆਂ ਗੱਲਾਂ ਸੋਚੋ ਕੁਛ ਤੇ ਅੱਗਾ।

ਅੱਜ ਕੌਮ ਖਾ ਰਹੀ ਹੈ ਮੰਝਧਾਰ ਵਿਚ ਗੋਤੇ।
ਏਕਤਾ ਦਾ ਧਾਗਾ ਕਿਉਂ ਕਰ ਰਹੇ ਹੋ ਟੋਟੇ ਟੋਟੇ ?

ਹੈ ਮੰਗ ਇਕ ਤੁਸਾਂ ਦੀ, ਨਿਸ਼ਾਨਾ ਇਕ ਤੁਸਾਂ ਦਾ।
ਹੈ ਰਾਗ ਇਕ ਤੁਸਾਂ ਦਾ, ਹੈ ਤਰਾਨਾ ਇਕ ਤੁਸਾਂ ਦਾ।

ਇਕ ਦੇ ਤੁਸੀਂ ਹੋ ਪੁੱਤਰ, ਹੋ ਇਕ ਦੀ ਤੁਸੀਂ ਔਲਾਦ।
ਤੁਹਾਡਾ ਸੀਨਾ ਹੈ ਚਟਾਨ, ਜੁੱਸਾ ਹੈ ਫੌਲਾਦ।

ਤੁਸੀਂ 'ਦੋ' ਬਣ ਕੇ ਪੰਥ ਕਿਉਂ ਦੋ ਬਣਾ ਰਹੇ ਹੋ ?
ਥੋੜੀ ਜਿਹੀ ਜ਼ਿੱਦ ਕਰਕੇ, ਇਜ਼ਤ ਰੁਲਾ ਰਹੇ ਹੋ।

ਕੁਰਬਾਨੀਆਂ ਜੋ ਹੋਈਆਂ, ਮੁੱਲ ਪਾ ਕੇ ਵਿਖਾਉ।
ਅਹਿਲ ਪਰਬਤ ਜੇ, ਆਪੋ ਚਿ ਨਾ ਟਕਰਾਉ।

ਕੌਣ ਤੁਹਾਨੂੰ ਜੋੜੂ ? ਸਭ ਤੋੜ ਹੀ ਰਹੇ ਨੇ।
ਸਿੱਖੀ ਦੀ ਵੇਲ ਨੂੰ, ਸਭ ਮਰੋੜ ਹੀ ਰਹੇ ਨੇ।

ਆਪੋ ਚਿ ਤੁਸੀਂ, ਕੀ ਜੱਫੀ ਨਹੀਂ ਪਾ ਸਕਦੇ ?
ਰੁੱਸੇ ਹੋਇਆਂ ਨੂੰ ਤੁਸੀਂ, ਕੀ ਨਹੀਂ ਮਨਾ ਸਕਦੇ ?

ਗੱਲ ਇਕ ਹੀ ਤਾਂ ਹੈ, ਗੱਲ ਹੈ ਅੱਜ ਧਰਮ ਦੀ।
ਜਾਂ ਫਿਰ ਸੜੇ ਹੋਏ ਦਿਲਾਂ ਤੇ ਮਰਹਮ ਦੀ।

ਪਹਿਲਾਂ ਪੈਲੀ ਤੇ ਬੀਜੋ, ਫਸਲ ਤੇ ਪਕਾਉ।
ਉਜੜਿਆ ਹੋਇਆ ਪਹਿਲਾਂ, ਘਰ ਤੇ ਵਸਾਉ।

ਤੁਸੀਂ ਆਪੋ ਚਿ ਖਹਿੰਦੇ ਹੁਣ ਚੰਗੇ ਨਹੀਂ ਲਗਦੇ।
ਤੁਹਾਨੂੰ ਤੇ ਵੱਜ ਰਹੇ ਨੇ ਤਾਹਨੇ ਅੱਜ ਜੱਗ ਦੇ।

ਏਕੇ ਤੁਹਾਡੇ ਚਿ ਹੈ ਕੌਮ ਦੀ ਭਲਾਈ।
ਨਹੀਂ ਤੇ ਲੈ ਡੁਬੂਗੀ ਤੁਹਾਡੀ ਲੜਾਈ।

ਰਹਿ ਜਾਣੀਆਂ ਇਥੇ ਕੁਰਸੀਆਂ ਤੇ ਕਾਰਾਂ।
'ਧਿਆਨੇ' ਨੂੰ ਅੱਜ ਤੱਕ ਪੈ ਰਹੀਆਂ ਫਿਟਕਾਰਾਂ।

ਸ਼ਹੀਦਾਂ ਦੀ ਕੌਮ ਨਾ ਦਾਗ ਹੋਰ ਲਵਾਉ।
ਕੌਮ ਉਤੇ 'ਵਿਰਕਾ' ਹੁਣ ਰਹਿਮ ਕੁਝ ਕਮਾਉ।



www.AKJ.Org

# ਪੰਥ ਵਾਲੀ ਦੇ ਚਰਨਾਂ ਵਿਚ ਜੋਦੜੀ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ']

ਦਾਤਾ ! ਪੰਥ ਦੇ ਦਰਦੀਆ ! ਵਾਸਤਾ ਈ ਪੰਥ ਆਪਣੇ ਦਾ ਆ ਕੇ ਹਾਲ, ਤਕ ਜਾ।
ਤੇਰੇ ਏਕਤਾ ਦੇ ਉਸਰੇ ਮਹਿਲ ਅੰਦਰ, ਵਿਛ ਗਿਆ ਏ ਫੁੱਟ ਦਾ ਜਾਲ, ਤਕ ਜਾ।
ਸਹਿਨਸ਼ੀਲਤਾ, ਤਿਆਗ ਉਪਦੇਸ਼ ਤੇਰਾ, ਭੁੱਲ ਗਏ ਤੇਰੇ ਨੌਨਿਹਾਲ, ਤਕ ਜਾ।
ਹਾਲਤ ਇਹ ਤਕ ਤਕ ਪੰਥ-ਦਰਦੀਆਂ ਦਾ, ਦੁਖੀ ਹੋ ਗਿਆ ਏ, ਵਾਲ ਵਾਲ, ਤਕ ਜਾ।
ਰਾਖੇ ਪੰਥ ਦੇ ਔਝੜੀਂ ਪਏ ਹੋਏ ਨੇ, ਪਏ ਪਾਰਟੀ-ਪੱਖ ਨੂੰ ਪੂਰਦੇ ਨੇ।
ਨਹੀਂ ਸਮਝਦੇ ਲੱਖ ਸਮਝਾਏ ਕੋਈ, ਉਲਟਾ ਵੱਟ ਕਚੀਚੀਆਂ ਘੂਰਦੇ ਨੇ।
ਜਥੇਦਾਰੀਆਂ ਦੇ ਲੋਭ ਚਾਅ ਅੰਦਰ, ਤੇਰਾ ਦਿੱਤਾ ਉਪਦੇਸ਼ ਭੁਲਾਈ ਜਾਂਦੇ।
ਕਲਹ ਚੰਦਰੀ ਨੂੰ ਵੇਹੜੇ ਵਾੜ ਕੇ ਤੇ, ਆਪ ਲੜਦੇ ਨੇ ਤੇ ਜਗਤ ਹਸਾਈ ਜਾਂਦੇ।
ਦੂਸ਼ਨ ਲਾ ਇਕ ਦੂਜੇ ਨੂੰ ਭੰਡਦੇ ਨੇ, ਧੜੇ-ਬਾਜ਼ੀਆਂ ਤਾਈਂ ਵਧਾਈ ਜਾਂਦੇ।
ਆਖੇ ਲਗ ਕੇ ਪੰਥ-ਧ੍ਰੋਹੀਆਂ ਦੇ, ਇਜ਼ਤ ਕੌਮ ਦੀ ਮਿੱਟੀ ਮਿਲਾਈ ਜਾਂਦੇ।
ਤੰਗ-ਦਿਲੀ ਦੀ ਦਲਦਲ ਵਿਚ ਫਸੇ ਹੋਏ, ਵੇਖ ਆਣ ਕੇ ਵੱਖ ਵੱਖ ਦਲ ਬਣ ਗਏ।
ਨਿਰਲੋਭ, ਨਿਸ਼ਕਪਟ ਨਾ ਰਹੇ ਹਿਰਦੇ, ਮਨੋ-ਭਾਵ ਅਜ ਧੋਖੇ ਤੇ ਛਲ ਬਣ ਗਏ।
ਬਿਨਾ ਪਾਣੀ-ਪ੍ਰਚਾਰ ਤਰਾਈ ਕਰਕ, ਸੋਕੇ ਨਾਲ ਅਜ ਬੂਟੇ ਕੁਮਲਾ ਰਹੇ ਨੇ।
ਫੁੱਲ ਟੁਟ ਰਹੇ ਕਲੀਆਂ ਉਦਾਸ ਦਿੱਸਣ, ਲੱਛਣ ਪਤਝੜ ਦੇ ਸਾਹਵੇਂ ਆ ਰਹੇ ਨੇ।
ਵਾੜ ਭੰਨ ਕੇ ਬਾਗ ਵਿਚ ਵੜਨ ਦੇ ਲਈ, ਚੋਰ ਆਪਣਾ ਦਾਉ ਤਕਾ ਰਹੇ ਨੇ।
ਰਾਖੇ ਬਾਗ ਦੇ ਹੋਏ ਅਵੇਸਲੇ ਨੇ, ਦਿਨੋ ਦਿਨ ਗ਼ਾਫ਼ਲ ਹੁੰਦੇ ਜਾ ਰਹੇ ਨੇ।
ਦਾਤਾ ! ਦੇਹ ਸੁਮਤਿ ਤੇ ਬਖਸ਼ ਭੁਲਾਂ, ਕਿਸੇ ਰੂਪ ਅੰਦਰ ਫੇਰਾ ਪਾ, ਆ ਜਾ।
ਰੂਹਾਂ ਭੇਜ 'ਬਘੇਲ' 'ਕਪੂਰ' ਦੀਆਂ, ਲਾਜ ਪੰਥ ਦੀ ਰੱਖ ਵਿਖਾ, ਆ ਜਾ।

---

# ਗੁਰੂ ਦਾ ਵਾਸਤਾ ਜੇ !!

—ਕੀ ਸਾਡੇ ਪੰਥਕ ਮੁਖੀ ਸਿੱਖ ਸੰਗਤਾਂ ਦੀ ਅਰਜ਼ੋਈ ਕਬੂਲ ਕਰਨਗੇ ?

—ਕੀ ਓਹ 'ਅਨੰਦਪੁਰ ਛੱਡਣ ਵੇਲੇ ਦਾ ਤਿਆਗ' ਹੁਣ ਫਿਰ ਖਾਲਸੇ ਵਿਚ ਨਹੀਂ ਉਠੇਗਾ ?

—ਕੀ ਉਹ ਲੋਭ-ਵਸ ਰਾਜਸੀ ਝੂਠ ਮਗਰ ਦੌੜ-ਭੱਜ ਕਰਨੀ ਛੱਡਣਗੇ ?

—ਕੀ ਉਨ੍ਹਾਂ ਦੀਆਂ ਰੱਗਾਂ ਵਿਚ ਉਹ ਸੱਚ, ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਟੁੰਬਿਆ ਸੀ, ਨਹੀਂ ਹੰਭਲਾ ਮਾਰੇਗਾ ?

—ਕੀ ਖਾਲਸਾ ਦੁਨੀਆ ਦੇ ਮੰਚ ਉਤੇ ਆਪਣਾ ਅਮਲੀ ਰੋਲ ਨਹੀਂ ਅਦਾ ਕਰੇਗਾ ?

ਹਾਂ, ਉਹ ਤਿਆਗ ਤੇ ਸੱਚ ਜ਼ਰੂਰ ਹੰਭਲਾ ਮਾਰੇਗਾ, ਜੋ ਘੜੀ ਦੀ ਘੜੀ ਖਾਲਸੇ ਵਿੱਚੋਂ ਅਲੋਪ ਹੋ ਗਿਆ ਹੈ ਅਤੇ ਖਾਲਸਾ ਗੰਦੀ ਸਿਆਸਤ ਪਿੱਛੇ ਲੱਗ ਕੇ ਆਪਸ ਵਿੱਚ ਲੜ ਰਿਹਾ ਹੈ।

ਯਾਦ ਰੱਖੋ, ਇਕ ਦੂਜੇ ਨੂੰ ਪਛਾੜਨਾ ਇਕ ਬੀਮਾਰ ਮਨ ਦੀ ਹਾਲਤ ਹੈ, ਇਕ ਢਠੀਆਂ ਕਲਾ ਵਾਲਾ ਨਜ਼ਾਰਾ ਹੈ। ਕੀ ਇਹ ਨਜ਼ਾਰਾ ਭਵਿੱਖ ਦੇ ਸਿੱਖਾਂ ਨੂੰ ਚੜ੍ਹਦੀਆਂ ਕਲਾਂ ਤੋਂ ਨਹੀਂ ਡੇਗੇਗਾ ?

ਬੇਨਤੀਕਾਰ : ਹਰਭਜਨ ਸਿੰਘ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ।


www.AKJ.Org

# ਸ਼ਹੀਦ ਭਾਈ ਦਰਸ਼ਨ ਸਿੰਘ ਜੀ, ਦਿਲੀ

ਮਈ ੧੯੯੫ ਦੇ 'ਸੂਰਾ' ਟਾਈਟਲ ਤੇ ਸ਼ਹੀਦ ਭਾਈ ਦਰਸ਼ਨ ਸਿੰਘ ਜੀ ਦਿਲੀ ਦੀ ਤਸਵੀਰ ਦਿਤੀ ਗਈ ਸੀ। ਉਨ੍ਹਾਂ ਦੇ ਅੰਤਲੇ ਕੁਝ ਸਮਾਚਾਰ ਸਾਨੂੰ ਐਤਕੀ ਭਾਈ ਪ੍ਰੀਤ ਸਿੰਘ ਜੀ ਹੇਠ ਲਿਖੇ ਅਨੁਸਾਰ ਦੇ ਗਏ ਹਨ :—

ਭਾਈ ਦਰਸ਼ਨ ਸਿੰਘ ਜਿਥੇ ਇਕ ਚੰਗਾ ਸੁਲਝਿਆ ਹੋਇਆ ਚਲੰਤ ਪਾਠ ਕਰਨ ਵਾਲਾ ਅਖੰਡਪਾਠੀ ਸੀ ਉਥੇ ਉਹ ਕਮਾਲ ਦਾ ਕੀਰਤਨੀਆ ਅਤੇ ਜੁਝਾਰੂ ਸਿੰਘ ਸੀ। ਭਾਈ ਦਰਸ਼ਨ ਸਿੰਘ ਪੂਰਨ ਨਿਤਨੇਮੀ, ਅੰਮ੍ਰਿਤਧਾਰੀ ਤੇ ਚੜ੍ਹਦੀ ਕਲਾ ਵਿਚ ਵਿਚਰਨ ਵਾਲਾ ਸਿੰਘ ਸੀ ਅਤੇ ਉਸ ਦਾ ਪ੍ਰਵਾਰ ਸਿੰਘਣੀ ਤੇ ਬੱਚੇ ਵੀ ਸਾਰੇ ਅੰਮ੍ਰਿਤਧਾਰੀ ਸਨ। ਜਿਥੇ ਉਹ ਦਿਨੇ ਇੰਟੇਲੀਜੈਂਸ ਵਿਭਾਗ ਵਿਚ ਸਰਕਾਰੀ ਨੌਕਰੀ ਕਰਦਾ ਸੀ ਉਥੇ ਉਹ ਸਾਰੀ ਸਾਰੀ ਰਾਤ ਇਕੱਲਿਆਂ ਹੀ ਸ੍ਰੀ ਅਖੰਡਪਾਠ ਦੀ ਸੇਵਾ ਕਰਦਿਆਂ ਥਕਦਾ ਨਹੀਂ ਸੀ ਹੁੰਦਾ। ਜਦੋਂ ਵੀ ਕਿਤੋਂ ਪਤਾ ਲਗੇ ਕਿ ਕਿਸੀ ਥਾਂ ਤੇ ਸ੍ਰੀ ਅਖੰਡਪਾਠ ਰਖਿਆ ਹੋਇਆ ਹੈ ਅਤੇ ਉਥੇ ਸੇਵਾ ਦੀ ਲੋੜ ਹੈ ਤਾਂ ਭਾਈ ਦਰਸ਼ਨ ਸਿੰਘ ਜੀ ਉਥੇ ਪੁਜ ਜਾਂਦੇ।

ਇੰਦਰਾ ਗਾਂਧੀ ਦੇ ਕਤਲ ਮਗਰੋਂ ਜਦੋਂ ਸਿਖਾਂ ਤੇ ਭਾਰੀ ਉਪੱਧਰ ਕੀਤਾ ਗਿਆ, ਉਸ ਸਮੇਂ (੧ ਨਵੰਬਰ ੧੯੮੪ ਨੂੰ) ਭਾਈ ਦਰਸ਼ਨ ਸਿੰਘ ਜੀ ਉਤਮ ਨਗਰ ਦਿਲੀ ਦੀ ਅਬਾਦੀ ਵਿਚ ਭਾਈ ਪ੍ਰੀਤ ਸਿੰਘ ਜੀ ਦੇ ਗ੍ਰਿਹਿ ਵਿਖੇ ਸ੍ਰੀ ਅਖੰਡਪਾਠ ਸਾਹਿਬ ਦੀ ਰੋਲ ਦੇ ਰਹੇ ਸਨ। ਦਿਨੇ ਸਾਢੇ ਦਸ ਵਜੇ ਦੇ ਕਰੀਬ ਉਨ੍ਹਾਂ ਨੂੰ ਅੰਦਰੋਂ ਅਵਾਜ਼ ਆਈ, ਜੋ ਗੁਰਦੁਆਰੇ ਤੇ ਮੁਲਖਈਏ ਨੇ ਹਮਲਾ ਕਰ ਦਿਤਾ ਹੈ। ਉਨ੍ਹਾਂ ਨੇ ਘਰ ਵਾਲਿਆਂ ਨੂੰ ਹੱਥਾਂ ਨਾਲ ਥਪ-ਥਪਾ ਕੇ ਇਸ਼ਾਰਾ ਕੀਤਾ ਕਿ ਉਨ੍ਹਾਂ ਨੂੰ ਰੋਲ ਤੋਂ ਉਠਾਓ। ਭਾਈ ਪ੍ਰੀਤ ਸਿੰਘ ਜੀ ਨੇ ਕਿਸੇ ਬੱਚੇ ਨੂੰ ਅਖੰਡਪਾਠ ਤੇ ਬਿਠਾਇਆ ਤੇ ਭਾਈ ਦਰਸ਼ਨ ਸਿੰਘ ਨੇ ਕਿਹਾ ਕਿ ਤੁਸੀਂ ਪਾਠ ਦੀ ਸੇਵਾ ਕਰੀ ਜਾਓ, ਇਸ ਵਕਤ ਬਾਹਰ ਜਾਣਾ ਠੀਕ ਨਹੀਂ। ਪਰ ਉਨ੍ਹਾਂ ਇਕ ਨਾ ਸੁਣੀ ਅਤੇ ਉਹ ਇਹ ਕਹਿੰਦੇ ਹੋਏ ਸਾਈਕਲ ਲੈ ਕੇ ਨਿਕਲ ਗਏ ਕਿ ਗੁਰਦੁਆਰੇ ਤੇ ਹਮਲਾ ਹੋ ਗਿਆ ਹੈ ਤੇ ਮੈਂ ਸ਼ਹੀਦ ਹੋਣ ਲਈ ਜਾ ਰਿਹਾ ਹਾਂ।

ਭਾਈ ਦਰਸ਼ਨ ਸਿੰਘ ਜੀ ਦਾ ਗ੍ਰਿਹਿ ਉਤਮ ਨਗਰ ਦੀ ਅਬਾਦੀ ਵਿਚ ਹੀ ਸੀ। ਉਨ੍ਹਾਂ ਘਰ ਪੁਜਦਿਆਂ ਹੀ ਸਾਈਕਲ ਸੁਟਿਆ, ਘਰੋਂ ਵਡੀ ਕ੍ਰਿਪਾਨ ਲਈ ਅਤੇ ਲਾਗਿਓਂ ਹੋਰ ੪-੫ ਸਾਥੀ ਲਏ। ਉਨ੍ਹਾਂ ਨੂੰ ਦਸਿਆ ਕਿ ਗੁਰਦੁਆਰਾ ਸਾਹਿਬ ਤੇ ਹਮਲਾ ਹੋ ਗਿਆ ਹੈ, ਸਾਨੂੰ ਰੋਕਣਾ ਚਾਹੀਦਾ ਹੈ। ਜੇ ਇਸ ਕੰਮ ਲਈ ਸ਼ਹੀਦੀ ਵੀ ਪ੍ਰਾਪਤ ਕਰਨੀ ਪਵੇ ਤਾਂ ਸਾਡੇ ਧੰਨ ਭਾਗ ਹੋਣਗੇ।

ਇਕ ਨੌਜੁਆਨ ਬੀਬੀ ਰੇਣਾ ਨੇ ਨਿਸ਼ਾਨ ਸਾਹਿਬ ਫੜਿਆ, ਬਾਕੀ ਸਾਥੀਆਂ ਨੇ ਕ੍ਰਿਪਾਨਾਂ ਸੂਤ ਲਈਆਂ ਅਤੇ ਹਜੂਮ ਵਲ ਹੋ ਤੁਰੇ। ਹਜੂਮ ਨੇ ਦੂਰੋਂ ਵੱਟੇ ਆਦਿ ਇਨ੍ਹਾਂ ਵਲ ਵਗਾਵੇਂ ਮਾਰੇ ਅਤੇ ਇਨ੍ਹਾਂ ਨੂੰ ਭਜਾਣ ਦਾ ਪੂਰਾ ਜਤਨ ਕੀਤਾ। ਪਰ ਸਿੰਘ ਸਾਹਮਣੇ ਡਟੇ ਰਹੇ ਅਤੇ ਇਕ ਵਾਰ ਤਾਂ ਉਨ੍ਹਾਂ ਨੇ ਹਜੂਮ ਨੂੰ ਨਸਾ ਦਿਤਾ, ਪਰ ਭਾਈ ਦਰਸ਼ਨ ਸਿੰਘ ਦੇ ਸਾਥੀ ਸੱਟਾਂ ਨਾ ਸਹਾਰਦੇ ਡਿਗ ਪਏ।

ਹਜੂਮ ਦੁਬਾਰਾ ਦੁਗਣੀ ਸ਼ਕਤੀ ਨਾਲ ਭਾਈ ਦਰਸ਼ਨ ਸਿੰਘ ਤੇ ਹਮਲਾ ਕਰ ਕੇ ਆਇਆ। ਭਾਈ ਦਰਸ਼ਨ ਸਿੰਘ ਨੇ ਜਿਸ ਸੂਰਬੀਰਤਾ ਨਾਲ ਉਸ ਹਜੂਮ ਨੂੰ ਪਛਾੜਿਆ, ਉਸ ਦੀ ਮਿਸਾਲ ਘਟ ਹੀ ਮਿਲਦੀ ਹੈ। ਪਰ ਅਖ਼ੀਰ ਉਹ ਡਿਗ ਪਏ ਅਤੇ ਹਜੂਮ ਚੋਂ ਕਿਸੇ ਸਿਰ-ਫਿਰੇ ਨੇ ਸਿਰ ਵਿਚ ਲੋਹੇ ਦੀ ਸਲਾਖ਼ ਮਾਰ ਕੇ ਸ਼ਹੀਦ ਕਰ ਦਿਤਾ।

ਭਾਈ ਦਰਸ਼ਨ ਸਿੰਘ ਦੀ ਦੇਹ ਨੂੰ ਉਨ੍ਹਾਂ ਦੇ ਬਜ਼ੁਰਗ ਪਿਤਾ ਭਾਈ ਰਖਾ ਸਿੰਘ ਜੀ, ਹੋਰ ਦੋ ਤਿੰਨ ਸਾਥੀਆਂ ਦੀ ਮਦਦ ਨਾਲ ਆਪਣੇ ਘਰ ਲੈ ਗਏ ਅਤੇ ਗੁਰਬਾਣੀ ਦਾ ਪਾਠ ਆਰੰਭ ਕਰ ਦਿਤਾ ਤੇ ਦੋ ਦਿਨ ਤਕ ਲਾਸ਼ ਦੇ ਕੋਲ ਬੈਠੇ ਰਹੇ। ਦੋ ਦਿਨਾਂ ਬਾਅਦ ਮਿਲਟਰੀ ਤੇ ਪੁਲਸ ਦੀ ਮਦਦ ਨਾਲ ਭਾਈ ਸਾਹਿਬ ਦੀ ਦੇਹ ਦਾ ਸਸਕਾਰ ਕਰ ਦਿਤਾ ਗਿਆ।



www.AKJ.Org

# ਪਾਖੰਡ-ਇਸ਼ਨਾਨ ਦਾ ਖੰਡਨ

ਇਕ ਚੁੰਚ ਗਿਆਨੀ ਨੂੰ ਅਸੀਂ ਪੁਛਿਆ (ਜੋ ਕਿ ਗੁਰੂ ਕੇ ਦੀਵਾਨਾਂ ਵਿਖੇ ਕਥਾ ਵਾਰਤਾ ਅਤੇ ਉਪਦੇਸ਼ ਭੀ ਕਰਿਆ ਕਰਦੇ ਸੀ) ਕਿ ਜੀ, ਤੁਸੀਂ ਕਥਾ ਉਪਦੇਸ਼ ਤਾਂ ਬੜੀ ਘੋਖ ਘੋਖ ਕੇ ਸੁਣਾਉਂਦੇ ਹੋ, ਪਰੰਤੂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਬਾਣੀ ਦਾ ਨਿਤਨੇਮ ਕਰਦੇ ਤੁਹਾਨੂੰ ਕਦੇ ਨਹੀਂ ਦੇਖਿਆ। ਉਸ ਨੇ ਕਿਹਾ ਕਿ ਏਡੇ ਵਡੇ ਤੜਕੇ ਉਠ ਕੇ ਇਸ਼ਨਾਨ ਕਰਨਾ ਮੁਫਤ ਦੀ ਤਤਖਛਾ (ਸਰੀਰਕ ਕਸ਼ਟ ਦੇਣ) ਵਿਚ ਪੈਣਾ ਹੈ, ਅਸੀਂ ਨਿਤਨੇਮ ਬਾਣੀ ਦਾ ਪਾਠ ਐਵੇਂ ਸੁੱਕੇ ਪਿੰਡੇ ਪਏ ਹੀ ਕਰ ਲੈਂਦੇ ਹਾਂ, ਦਿਨ ਚੜ੍ਹੇ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਪਹਿਲਾਂ ਇਸ਼ਨਾਨ ਕਰ ਲੈਣ ਦਾ ਗੁਰਮਤਿ ਅਸੂਲ ਅਨੁਸਾਰ ਨਿਯਮ ਹੈ, ਸੋ ਅਸੀਂ ਜਿਵੇਂ ਕਿਵੇਂ ਪੂਰਾ ਕਰ ਲੈਂਦੇ ਹਾਂ।

ਫੇਰ ਜਦ ਉਹਨਾਂ ਨੂੰ ਏਸ ਅਸੂਲ ਨਿਯਮ ਦੀ ਪ੍ਰੋੜ੍ਹਤਾ ਲਈ ਗੁਰਮਤਿ ਪ੍ਰਮਾਣਾਂ ਦੇ ਦੇਣ ਲਈ ਵੰਗਾਰਿਆ ਗਿਆ ਤਾਂ ਬਸ, ਗਿਆਨੀ ਜੀ ਨੂੰ ਠੁਠੂ ਹੋਣਾ ਪਿਆ। ਅਤੇ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਤੋਂ ਇਸ਼ਨਾਨ ਕਰਨਾ ਗੁਰਮਤਿ ਅਸੂਲਾਂ ਅਨੁਸਾਰ ਜਦ ਓਹਨਾਂ ਨੂੰ ਸਿਧ ਕੀਤਾ ਗਿਆ ਤਾਂ ਉਸ ਦੇ ਸੁਸ਼ਕ ਤੇ ਚੁੰਚ ਗਿਆਨ ਦੀ ਕਲੀ ਖੁਲ੍ਹੀ। ਅਤੇ ਤਾਂ ਜਾ ਕੇ ਕਿਤੇ ਓਸ ਨੇ ਮੰਨਿਆ ਕਿ ਠੀਕ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਗੁਰਮਤਿ ਬਿਬੇਕ ਦਾ ਅਸੂਲ ਹੈ। ਹਾਂ ਜੇਕਰ ਕੇਵਲ (ਮਹਿਜ਼) ਦਿਖਾਵੇ ਮਾਤ੍ਰ ਇਸ਼ਨਾਨ ਕਰਦਾ ਹੈ ਅਤੇ ਨਾਮ ਨਹੀਂ ਜਪਦਾ, ਕਿੰਤੂ ਇਸ਼ਨਾਨ ਕਰ ਕੇ ਐਵੇਂ ਹੀ ਬਗਲ ਸਮਾਧੀ ਲਾ ਕੇ ਬਹਿ ਜਾਂਦਾ ਹੈ, ਉਸ ਦਾ ਇਸ਼ਨਾਨ ਕਰਨਾ ਪਾਖੰਡ ਰੂਪ ਹੈ, ਕਿਸੇ ਲੇਖੇ ਨਹੀਂ; ਯਥਾ ਗੁਰਵਾਕ—

ਸਤਿਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥੫॥੨੦॥੫੩॥
[ਸਿਰੀਰਾਗੁ ਮ: ੩, ਪੰਨਾ ੩੪

ਅਜਿਹੇ ਉਦਕ-ਇਸ਼ਨਾਨੀਆਂ ਦੇ ਪਾਖੰਡ ਇਸ਼ਨਾਨ ਪ੍ਰਥਾਇ ਹੀ ' ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ'' [੪੮੪] ਆਦਿ ਗੁਰਵਾਕ ਗੁਰਬਾਣੀ ਅੰਦਰ ਆਉਂਦੇ ਹਨ । ਪਾਖੰਡ-ਇਸ਼ਨਾਨ ਦਾ ਗੁਰਮਤਿ ਵਿਚ ਨਿਸ਼ੇਧ ਹੈ। ਪਰੰਤੂ ਨਾਮ ਦਾ ਸਾਧਕ ਸਹਾਈ ਰੂਪ ਸਾਧਨ ਸੰਪੰਨ ਇਸ਼ਨਾਨ, ਸੰਜਮ ਸਾਧਨੀ ਗੁਰਮਤਿ ਬਿਬੇਕ ਦਾ ਇਕ ਭਾਰੀ ਅੰਗ ਹੈ । [ਭਾ: ਸਾ: ਰਣਧੀਰ ਸਿੰਘ ਲਿਖਤ ਪੁਸਤਕ 'ਗੁਰਮਤਿ ਬਿਬੇਕ' ਵਿਚੋਂ

---

❁ ਭਾਈ ਦਰਸ਼ਨ ਸਿੰਘ ਜੀ ਦੀ ਸਿੰਘਣੀ ਤੇ ਪਿਤਾ ਜੀ ਨੂੰ ਉਨ੍ਹਾਂ ਦੇ ਵਿਛੋੜੇ ਦਾ ਦੁਖ ਤਾਂ ਕੁਦਰਤੀ ਹੋਣਾ ਹੀ ਸੀ, ਪਰ ਨਾਲ ਹੀ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਤੇ ਖ਼ੁਸ਼ੀ ਵੀ ਸੀ ਕਿ ਉਨ੍ਹਾਂ ਦਾ ਗੁਰਸਿਖ ਸਪੂਤ ਗੁਰਬਾਣੀ ਦੇ ਇਨ੍ਹਾਂ ਮਹਾਂਵਾਕਾਂ—

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥੬੧॥ (੧੩੬੭)

ਅਨੁਸਾਰ ਗੁਰਦੁਆਰਾ ਸਾਹਿਬ ਦੀ ਪਵਿਤਰਤਾ ਭੰਗ ਹੋਣ ਤੋਂ ਬਚਾਣ ਲਈ, ਰਖਿਆ ਕਰਦਾ ਕਰਦਾ ਆਪਣੇ ਸਰੀਰ ਦੀ ਅਹੂਤੀ ਦੇ ਗਿਆ ਅਤੇ ਸ਼ਹੀਦੀ ਦੇ ਉਚੇ ਸੁਚੇ ਪੂਰਨੇ ਪਾ ਗਿਆ। ਅਜਿਹੇ ਗੁਰਸਿਖ ਸ਼ਹੀਦਾਂ ਦੇ ਕਾਰੇ ਵੇਖ ਸੁਣ ਕੇ ਹੀ ਡਾਕਟਰ ਨੇਕੀ ਜੀ ਨੇ ਆਪਣੀ ਛੋਟੀ ਜਿਹੀ ਕਵਿਤਾ ਦੇ ਅੰਤ ਵਿਚ ਲਿਖਿਆ—

ਜਦੋਂ ਜਦੋਂ ਵੀ ਹੁੰਦੈ ਸ਼ਹੀਦ ਕੋਈ, ਤਾਰਾਂ ਕੌਮ ਦੇ ਸਾਜ ਦੀਆਂ ਤਣਦੀਆਂ ਨੇ।
ਪੌੜੀ ਚੜ੍ਹਦਿਆਂ ਚੜ੍ਹਦਿਆਂ ਚੜ੍ਹੀਦਾ ਏ, ਕੌਮਾਂ ਬਣਦਿਆਂ ਬਣਦਿਆਂ ਬਣਦੀਆਂ ਨੇ।

---

**ਛਪਾਈ ਵਿੱਚ ਕਤਾਹੀ**—ਜੂਨ ਸੂਰਾ ੮੫ ਵਿੱਚ "ਸਗਲ ਸੰਮ ਹਮ ਕਉ ਬਨ ਆਈ" ਦੇ ਲੇਖ ਦਾ ਹਵਾਲਾ ਦੇਂਦਿਆਂ ਹੋਇਆਂ ਸਾਡਾ ਸਪਸ਼ਟੀ ਕਰਨ ਇਹ ਹੈ ਕਿ—

ਸਾਡੀ ਬਹੁ ਪ੍ਰਕਾਰੀ ਭੱਜ ਨੱਸ ਵਿਚ ਮਸਰੂਫੀਅਤ ਕਾਰਨ ਸਾਥੋਂ ਇਸ ਲੇਖ ਦੀ ਛਾਣ ਬੀਣ ਸਬੰਧੀ ਉਕਤਾਈ ਹੋ ਗਈ ਹੈ ਜਿਸ ਦਾ ਸਾਨੂੰ ਭੀ ਬਹੁਤ ਅਫਸੋਸ ਹੈ।

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਦਿਲੀ, ਕਾਨਪੁਰ, ਸ੍ਰੀ ਅੰਮ੍ਰਿਤਸਰ ਅਤੇ ਪੰਜਾਬ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਬਣੇ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ । ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ । ਐਤਕੀਂ ਪੁਜੀ ਮਾਇਆ ਇਸ ਪ੍ਰਕਾਰ ਹੈ—

| | |
|---|---|
| ਭਾ: ਗੁਰਬਚਨ ਸਿੰਘ ਖਾਲਸਾ ਫੇਰੋਚੇਚੀ (ਗੁਰਦਾਸਪੁਰ) | ੬੫-੦੦ |
| ਸ: ਬਲਵੰਤ ਸਿੰਘ ਮੇਨਨੋਰਾ ਗੜ੍ਹ (ਸਰਗੂਜਾ) | ੧੦੦-੦੦ |
| ਗੁਪਤ | ੨੫, ੦੦-੦੦ |
| ਗੁਪਤ | ੨੫ ੦੦੦-੫੦ |
| ਸ: ਪ੍ਰਭਜੋਤ ਸਿੰਘ ਦਿਆਲਪੁਰ (ਕਪੂਰਥਲਾ) | ੧੦੦-੦੦ |
| ਗੁਪਤ | ੫੦੦-੦੦ |
| ਸ: ਗੁਰਬਚਨ ਸਿੰਘ ਜੀ, ਅਦਾਲਜ | ੧੧-੦੦ |
| ਭਾਈ ਸਾਧੂ ਸਿੰਘ ਜੀ ਵਰਨਿਨ, ਕੈਨੇਡਾ | ੩੧੦੦-੦੦ |
| ਭਾਈ ਬਲਵੰਤ ਸਿੰਘ ਖਾਲਸਾ, ਫਿਰੋਜ਼ਪੁਰ | ੨੦੦-੦੦ |
| ਸ: ਰਾਜਿੰਦਰ ਸਿੰਘ, ਦਿਲੀ | ੧੫੦-੦੦ |
| ਸ: ਇਕਬਾਲ ਸਿੰਘ ਜੰਡਿਆਲਾ | ੫੦-੦੦ |
| ਸ: ਬਖ਼ਸ਼ੀਸ਼ ਸਿੰਘ ਕੂਕੋਵਾਲ (ਹੁਸ਼ਿਆਰ ਪੁਰ) | ੫੦੦-੦੦ |
| ਗੁਪਤ | ੫੦-੦੦ |
| ਸੰਗਤ ਪਟਨਾ ਸਾਹਿਬ | ੨੫੦-੦੦ |
| Cpl. Gala S. S. RTO, 2209 Sqdn | ੧੩੦-੦ |
| ਭਾਈ ਕੁਲਦੀਪ ਸਿੰਘ ਨੇਵੀ, ਬੰਬੇ | ੧੦੦-੦੦ |
| ਗੁ: ਸਿਖ ਐਸੋਸੀਏਸ਼ਨ ਮਾਨਚੈਸਟਰ ਯੂ. ਕੇ. | ੧੪੫੬-੦੦ |
| ਸੰਗਤ ਵਰਨਿਨ (ਕੈਨੇਡਾ) | ੫੦੦੦-੦੦ |
| ਸ: ਭਗਵਾਨ ਸਿੰਘ, ਲੁਧਿਆਣਾ | ੨੫੧-੦੦ |
| ਸ: ਅਜੀਤ ਸਿੰਘ, ਰਾਮਾ ਮੰਡੀ, ਜਲੰਧਰ | ੨੫-੦੦ |
| ਬੀ: ਇੰਦਰਪਾਲ ਕੌਰ, ਅਜੀਤ ਨਗਰ. ਅੰਮ੍ਰਿਤਸਰ | ੫੧-੦੦ |
| ਸ: ਸੰਤੋਖ ਸਿੰਘ, ਲਾਸਾਲਾ (ਕੈਨੇਡਾ) | ੨੮੫੦-੦੦ |
| ਏ. ਐਸ. ਨਾਰੰਗ ਬੈਂਕੋਕ (ਥਾਈਲੈਂਡ) | ੫੦੦-੦੦ |
| ਸ: ਇੰਦਰਜੀਤ ਸਿੰਘ ਤੇ ਪਰਵਾਰ, ਪਾਨੀਪਤ | ੨੦੦-੦੦ |
| ਗੁਪਤ | ੩੦,੦੦੦-੦੦ |
| ਸੰਗਤ ਹੁਸ਼ਿਆਰਪੁਰ | ੬੦੦-੦੦ |
| ਸਾਧ ਸੰਗਤ ਸਾਲਾਹ, ਉਮਾਨ— | |
| ਮਿ: ਚੰਦਰ ਭਾਨ ੨੦੦/-, ਭਾ: ਮੁਕੰਦ ਸਿੰਘ ੫੦੦/- | |
| ੫-੫ ਸੌ ਭਾ: ਦੀਦਾਰ ਸਿੰਘ ਸੁਰਜਨ ਸਿੰਘ | ੧੭੦੦-੦੦ |
| ਐਚ. ਐਸ. ਤੇਜਾ, ਵੈਨਕੋਵਰ (ਕੈਨੇਡਾ) | ੯੯੫-੦੦ |
| ਸਿਖ ਸੁਸਾਇਟੀ ਹੰਡਰਡ ਮਾਈਲ ਕੈਨੇਡਾ— | |
| ਸ: ਸੋਹਣ ਸਿੰਘ ਪ੍ਰਧਾਨ, ਸ: ਜੋਧ ਸਿੰਘ ਸਕਤ੍ਰ, ਸ: ਬਲਵਿੰਦਰ ਸਿੰਘ ਖ਼ਜ਼ਾਨਚੀ, ਸ: ਗੁਰਮੀਤ ਸਿੰਘ, ਸ: ਪਿਆਰਾ ਸਿੰਘ ਸ: ਦਲਜੀਤ ਸਿੰਘ, ਸ: ਨਛੱਤਰ ਸਿੰਘ, ਸ: ਪ੍ਰਗਨ ਸਿੰਘ. ਸ: ਮਹਿੰਦਰ ਸਿੰਘ ਸੰਘਾ, ਸ: ਸੋਹਣ ਸਿੰਘ, ਸ: ਮਹਿੰਦਰ ਸਿੰਘ ਕਪੂਰ, ਸ:ਜਗੀਰ ਸਿੰਘ ਕੁਨੈਲ, ਬੀ. ਸੀ., ਸ: ਪ੍ਰੀਤਮ ਸਿੰਘ ਕੁਨੈਲ, ਸ: ਹਰਬੰਸ ਸਿੰਘ ਕੁਨੈਲ | ੧੭੪੫੦-੦੦ |
| ਸ: ਪ੍ਰਦੱਮਨ ਸਿੰਘ, ਜਲੰਧਰ | ੧੦੦-੦੦ |
| ਸ: ਦਲਬੀਰ ਸਿੰਘ ਅੰਮ੍ਰਿਤਸਰ (ਗੁਰੂ ਕੀ ਗੋਲਕ) | ੭੩-੭੦ |
| ਮਾਸਟਰ ਕਰਤਾਰ ਸਿੰਘ ਠਠੀਆਂ ਮਹੰਤਾਂ | ੨੦੦-੦੦ |
| ਸ: ਤਾਰਾ ਸਿੰਘ, ਬੰਬੇ ੬੪ | ੨੫੦-੦੦ |
| Sgt. ਬਲਵੰਤ ਸਿੰਘ ਨਾਂਗਲੀਆਰ (ਸ਼ਿਲਾਂਗ) | ੫੦-੦੦ |
| ਮਿਸਤ੍ਰੀ ਗੋਪਾਲ ਸਿੰਘ ਅਜੀਤ ਨਗਰ ਅੰਮ੍ਰਿਤਸਰ— ਸੁਪਤਨੀ ਹਰਬੰਸ ਕੌਰ ਦੇ ਭੋਗ ਸਮਾਗਮ ਤੇ ਗੋਲਕ | ੨੫੪-੭੬ |
| ਭਾ: ਇੰਦਰਜੀਤ ਸਿੰਘ ਅਜੀਤ ਨਗਰ, ਅੰਮ੍ਰਿਤਸਰ ਮਾਤਾ ਦੇ ਚਲਾਣੇ ਸਮੇਂ | ੨੫੦-੦੦ |
| ਸ: ਮੇਜਰ ਸਿੰਘ ਡਰਬੀ ਇੰਗਲੈਂਡ | ੧੦੦੦-੦੦ |
| ਸ: ਵਰਿਆਮ ਸਿੰਘ, ਨਰੈਣਾ, ਨ: ਦਿਲੀ | ੨੫੦-੦੦ |

## *ਪੀੜਤ ਪਰਵਾਰਾਂ ਨੂੰ ਸਹਾਇਤਾ*

ਸਿਖ ਸੰਗਤਾਂ ਵਲੋਂ ਆਈ ਮਾਇਆ ਵਿਚੋਂ ਹੇਠ ਲਿਖੇ ਪੀੜਤ ਪਰਵਾਰਾਂ ਨੂੰ ਸਹਾਇਤਾ ਦਿਤੀ ਗਈ ਹੈ—

| | |
|---|---|
| ਬੀਬੀ ਬਲਦੇਵ ਕੌਰ ਸੁਪਤਨੀ ਭਾਈ ਪੂਰਨ ਸਿੰਘ, ਖਾਨੋਵਾਲ (ਕਪੂਰਥਲਾ) | ੨੫੦-੦੦ |
| ਬੀਬੀ ਲਖਬੀਰ ਕੌਰ ਸੁਪਤਨੀ ਭਾਈ ਗੁਰਮੁਖ ਸਿੰਘ, ਤੁਸਿਕਾ (ਅੰਮ੍ਰਿਤਸਰ) | ੨੫੦-੦੦ |
| ਬੀਬੀ ਹਰਸਿਮਰਨ ਕੌਰ ਸੁਪਤਨੀ ਸ਼ਹੀਦ ਭੁਪਿੰਦਰ ਸਿੰਘ ਜੀ ਪਿੰਡ ਲਾਲਾ ਨੰਗਰ, ਡਾ: ਪਰਾਚਾ (ਗੁਰਦਾਸਪੁਰ) | ੧੦,੦੦੦-੦੦ |

# ਪੀੜਤ ਪਰਵਾਰਾਂ ਦੀ ਦੇਖ ਭਾਲ

ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੀ ਦੇਖ ਭਾਲ ਸਾਡੀ ਸਾਂਝੀ ਜ਼ਿਮੇਵਾਰੀ ਹੈ । ਅਜਿਹੇ ਪ੍ਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਵਿਸ਼ੇਸ਼ ਧਿਆਨ ਦੇ ਮੁਥਾਜ ਹਨ ।

ਇਸ ਜ਼ਿਮੇਵਾਰੀ ਦੇ ਅਹਿਸਾਸ ਵਜੋਂ ਜਥੇ ਵਲੋਂ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਵੇਗੀ ਕਿ ਅਜਿਹੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਲਈ ਹਰ ਪਰਵਾਰ ਦੀ ਹਾਲਤ ਮੁਤਾਬਕ ਯੋਗ ਸਹਾਇਤਾ ਕੀਤੀ ਜਾਵੇ ।

ਇਸ ਸੰਬੰਧੀ ਸੂਚਨਾ ਜਥੇ ਦੇ ਕੇਂਦਰੀ ਦਫਤਰ(ਮਾਰਫਤ ਸੂਰਾ ਮਾਸਕ ਪੱਤਰ)ਨੂੰ ਪੂਰੇ ਵੇਰਵਿਆਂ ਸਹਿਤ ਭੇਜੀ ਜਾਵੇ ।

ਖਾਲਸਾ ਜੀ ਦਾ ਸੇਵਾਦਾਰ ਰਾਮ ਸਿੰਘ(ਜਥੇਦਾਰ)ਅਖੰਡ ਕੀਰਤਨੀ ਜਥਾ,ਕੇਂਦਰੀ ਦਫਤਰ,ਬਜ਼ਾਰ ਮਾਈ ਸੇਵਾਂ,ਅੰਮ੍ਰਿਤਸਰ

www.AKJ.Org

# ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਪ੍ਰੋਗਰਾਮ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਇੰਗਲੈਂਡ ਵਿਚ ਹੋ ਰਹੇ ਕੀਰਤਨ ਪ੍ਰੋਗਰਾਮਾਂ ਦਾ ਵੇਰਵਾ ਦੇਂਦੇ ਹਨ—

(1) **ਲੋਕਲ ਪ੍ਰੋਗਰਾਮ ਸ੍ਰੀ ਅਖੰਡਪਾਠ**-8-8-85 ਤੋਂ 10-8-85 ਸ਼ਨੀਵਾਰ ਭੋਗ ਉਪਰੰਤ ਕੀਰਤਨ, ਗ੍ਰਿਹ ਵਿਖੇ ਭਾਈ ਗੁਰਮੇਜ ਸਿੰਘ ਜੀ 10—Kelms Cott Road, Harbourne, Birmingham.
ਪੁਛ ਗਿਛ–ਭਾਈ ਬਲਬੀਰ ਸਿੰਘ ਜੀ ਜਥੇਦਾਰ, ਫੋਨ 021-523-0780

(2) **ਸ੍ਰੀ ਅਖੰਡਪਾਠ**—16-8 ਤੋਂ 18-8-85, ਐਤਵਾਰ ਭੋਗ ਉਪਰੰਤ ਕੀਰਤਨ, ਗ੍ਰਿਹ ਵਿਖੇ ਭਾਈ ਕੁਲਵੰਤ ਸਿੰਘ ਜੀ, 7-Wylie Road, Southall, Middx, ਬੱਚੇ ਦੀ ਦਾਤ ਬਖਸ਼ਸ਼ ਹੋਈ ਹੈ,ਅਸੀਸਾਂ ਬਖਸ਼ੋ ਜੀ। ਫੋਨ–01/574-5042

(3) **ਕੀਰਤਨ ਰੈਣ ਸਬਾਈ**—24-8-85 ਸ਼ਨੀਵਾਰ ਰਾਤ, ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ:—
ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ, ਹਰਨਾਲ ਲੇਨ, ਕੋਵੈਂਟਰੀ, ਫੋਨ 0203-20960
ਪੁਛ ਗਿਛ–ਭਾਈ ਮਹਿੰਦਰ ਸਿੰਘ ਜੀ ਫੋਨ 0203-663802

(4) **ਲੋਕਲ ਪ੍ਰੋਗਰਾਮ ਸ੍ਰੀ ਅਖੰਡ ਪਾਠ**–24-8 ਤੋਂ 26-8-85 ਸੋਮਵਾਰ (ਬੈਂਕ ਛੁਟੀ) ਉਪਰੰਤ ਕੀਰਤਨ ਭਾਈ ਮਹਿੰਦਰ ਸਿੰਘ ਜੀ, 8-Pelham Road South, Gravesend-kent, ਫੋਨ 0474-266੨8
ਪੁਛ ਗਿਛ—ਭਾਈ ਰਾਮ ਸਿੰਘ ਜੀ ਫੋਨ 0474-333660

(5) **ਕੀਰਤਨ ਰੈਣ ਸਬਾਈ**—7 ਸਤੰਬਰ 1985 ਸ਼ਨੀਵਾਰ ਰਾਤ, ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ:—
ਰਾਮਗੜ੍ਹੀਆ ਗੁਰਦਵਾਰਾ (ਸਿਖ ਟੈਂਪਲ), 1103-Foles Hill, Coventry, ਫੋਨ 0203-663048
ਪੁਛ ਗਿਛ–ਸ: ਮੇਹਰ ਸਿੰਘ ਜੀ (ਜਨਰਲ ਸੈਕੇਟਰੀ) ਫੋਨ 0203-311783

---

**ਰਿਸ਼ਤੇ ਨਾਤੇ**—ਫਾਰਮ ਨੰਬਰ ੨੪੩ ਵਿਚ ਹੇਠ ਲਿਖੇ ਅਨੁਸਾਰ ਕੱਦ ਦੀ ਸੁਧਾਈ ਕਰ ਲਵੋ ਜੀ—ਇਕ ੨੮ ਸਾਲਾ ਅੰਮ੍ਰਿਤਧਾਰੀ ਨਿਤਨੇਮੀ ਤੇ ਕੀਰਤਨ ਕਰਨ ਵਾਲੀ ਬੱਚੀ, ਕੱਦ ੫ ਫੁਟ ੨ ਇੰਚ, ਐਮ.ਏ. ਮਿਊਜ਼ਿਕ, ਲਈ ਗੁਰਸਿਖ ਨਿਤਨੇਮੀ ਤੇ ਚੰਗੀ ਸਰਵਿਸ ਵਾਲੇ ਜਾਂ ਕਾਰੋਬਾਰੀ ਵਰ ਦੀ ਲੋੜ ਹੈ।

---

## ਗੁਰਸਿਖ ਪਰਵਾਰਾਂ ਨੂੰ ਵਿਛੋੜੇ

( ) ਭਾਈ ਇੰਦਰਜੀਤ ਸਿੰਘ (ਸਪੁਤਰ ਮਿਸਤ੍ਰੀ ਗੋਪਾਲ ਸਿੰਘ ਜੀ) (ਕਿਰਪਾਨਾਂ ਵਾਲੇ) ਦੇ ਮਾਤਾ ਹਰਬੰਸ ਕੌਰ ਜੀ (ਅਜੀਤ ਨਗਰ ਸ੍ਰੀ ਅੰਮ੍ਰਿਤਸਰ ਵਿਖੇ) ਕੁਝ ਚਿਰ ਮਾਰੂ ਰੋਗ ਵਿਚ ਗ੍ਰਸੇ ਰਹਿ ਕੇ ੧੦-੭-੮੫ ਨੂੰ ਵਿਛੋੜਾ ਦੇ ਗਏ ਹਨ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਦੀ ਅਤੁਟ ਸੇਵਾ-ਘਾਲ ਥਾਇ ਪਾ ਕੇ, ਗੁਰਸਿਖੀ ਦੇ ਚਲੂਲੇ ਰੰਗ ਬਖਸ਼ਣ।

(੨) ਗੁਰਪੁਰਵਾਸੀ ਭਾਈ ਦਰਸ਼ਨ ਸਿੰਘ ਜੀ ਗੜਗਜ (ਜਿਨ੍ਹਾਂ ਰਜ ਰਜ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਦੇ ਲਾਹੇ ਮਾਣੇ) ਦੇ ਵੱਡੇ ਸਪੁਤਰ ਸ: ਮਨਮੋਹਨ ਸਿੰਘ ਜੀ ਇੰਜੀਨੀਅਰ ਚੰਡੀਗੜ੍ਹ ਵਿਖੇ ਪਰਵਾਰ ਨੂੰ ਵਿਛੋੜਾ ਦੇ ਗਏ ਹਨ। ਸਤਿਗੁਰੂ ਵਿਛੜੀ ਰੂਹ ਤੇ ਬਖਸ਼ਸ਼ ਕਰਨ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

---

## ਗੁਰੂ ਨਾਨਕੁ ਤੁਠਾ ਕੀਨੀ ਦਾਤਿ

ਸਤਿਗੁਰੂ ਜੀ ਨੇ ਸ: ਮੇਜਰ ਸਿੰਘ ਡਰਬੀ ਯੂ. ਕੇ. ਤੇ ਤਰੁਠੇ ਅਤੇ ਭੁਜੰਗੀ ਦੀ ਦਾਤਿ ਬਖਸ਼ਸ਼ ਕੀਤੀ। ਸ: ਮੇਜਰ ਸਿੰਘ ਜੀ ਨੇ ਇਸ ਖੁਸ਼ੀ ਵਿਚ ਭਾ: ਸ੍ਰ: ਰਣਧੀਰ ਸਿੰਘ ਪਾਠ-ਉਤਸ਼ਾਹਤ ਸਕੀਮ ਲਈ ਇਕ ਹਜ਼ਾਰ ਰੁਪਏ, ਸ਼ਹੀਦ ਤੇ ਪੀੜਤ ਪਰਵਾਰਾਂ ਲਈ ਇਕ ਹਜ਼ਾਰ ਰੁਪਏ ਤੇ 'ਸੂਰਾ' ਲਈ ਇਕ ਹਜ਼ਾਰ ਰੁਪਏ ਭੇਜੇ, ਜਿਸ ਵਿਚੋਂ ਇਕ ਸੌ ਪੈਂਠ ਰੁਪਏ ਦੀਆਂ ਭਾਈ ਸਾਹਿਬ ਦੀਆਂ ਪੁਸਤਕਾਂ ਮੰਗਵਾਈਆਂ ਗਈਆਂ। ਸਤਿਗੁਰੂ ਭੁਜੰਗੀ ਨੂੰ ਗੁਰਸਿਖੀ ਜੀਵਨ ਵਾਲੀ ਦੀਰਘ ਆਯੂ ਬਖਸ਼ਣ।

---

# ਭਾਈ ਸਾਹਿਬ ਭਾ: ਰਣਧੀਰ ਸਿੰਘ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ਵਿਦਿਆ ਪ੍ਰਾਪਤ ਕਰ ਰਹੇ ਰਹਿਤਵਾਨ ਬੱਚਿਆਂ ਨੂੰ ਜੋ ਵਜ਼ੀਫੇ ਦਿਤੇ ਜਾਂਦੇ ਹਨ ਉਸ ਲਈ ਜਿਨ੍ਹਾਂ ਬੱਚਿਆਂ ਨੇ ਦਰਖ਼ਾਸਤਾਂ ਦੇਣੀਆਂ ਹਨ, ਉਹ ਬਕਾਇਦਾ ਫ਼ਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਠੀਕ ਢੰਗ ਨਾਲ ਭਰ ਕੇ, ਵਾਪਸ ਓਸੇ ਪਤੇ ਤੇ ਹੀ ੩੧-੮-੮੫ ਤਕ ਭੇਜ ਦੇਣ। ਇਸ ਤੋਂ ਪਿਛੋਂ ਆਈਆਂ ਦਰਖਾਸਤਾਂ ਨਹੀਂ ਵਿਚਾਰੀਆਂ ਜਾਣਗੀਆਂ। ਫ਼ਾਰਮ ਮੰਗਾਣ ਦਾ ਪਤਾ—ਭਾਈ ਬਲਬੀਰ ਸਿੰਘ ਜੀ, ੨੩-ਜੀ, ਸਰਾਭਾ ਨਗਰ, ਲੁਧਿਆਣਾ

ਖਾਲਸਾ ਜੀ ਦਾ ਸੇਵਕ— ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

www.AKJ.Org

## ਬਟਾਲਾ ਦਾ ਸਾਲਾਨਾ ਸਮਾਗਮ ੧੯ ਤੋਂ ੨੨ ਸਤੰਬਰ—ਵੇਰਵਾ ਆਉਂਦੇ ਪਰਚੇ ਵਿਚ

## ਕੁਰਾਲੀ ਦਾ ਸਾਲਾਨਾ ਸਮਾਗਮ ੨੬ ਤੋਂ ੨੯ ਸਤੰਬਰ—ਵੇਰਵਾ ਆਉਂਦੇ ਪਰਚੇ ਵਿਚ

## ਅੰਬਾਲਾ ਸ਼ਹਿਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਹਰ ਸਾਲ ਵਾਂਗ ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ੧੫ ਅਗਸਤ ਵੀਰਵਾਰ ਸਵੇਰ ਤੋਂ ੧੮ ਅਗਸਤ ਐਤਵਾਰ ਸਵੇਰ ਤਕ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਪਰਵਾਰਾਂ ਸਹਿਤ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

੧੫ ਅਗਸਤ ਸਵੇਰੇ ੮-੦੦ ਅਰੰਭ ਸ੍ਰੀ ਅਖੰਡਪਾਠ, ਸ਼ਾਮ ੭ ਤੋਂ ੯ ਸੋਦਰ ਤੇ ਅਖੰਡ ਕੀਰਤਨ
੧੬ ,, ਸਵੇਰੇ ੭ ਤੋਂ ਦੁਪਹਿਰ ਤਕ ਅਖੰਡ ਕੀਰਤਨ ਸ਼ਾਮ ੭ ਤੋਂ ੯ ਸੋਦਰ ਤੇ ਅਖੰਡ ਕੀਰਤਨ
੧੭ ,, ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ ਸ਼ਾਮ ੬ ਵਜੇ ਅਰੰਭ ਅੰਮ੍ਰਿਤ ਸਿੰਚਾਰ
੧੭ ,, ਰਾਤ ੮ ਵਜੇ ਅਰੰਭ ਰੈਣ ਸਬਾਈ ਕੀਰਤਨ, ੧੮ ਅਗਸਤ ਐਤਵਾਰ ਸਵੇਰੇ ੭ ਵਜੇ ਸਮਾਪਤੀ

ਨੋਟ—ਸਾਰਾ ਸਮਾਗਮ ਗੁ: ਮੰਜੀ ਸਾਹਿਬ ਵਿਖੇ ਹੋਵੇਗਾ। (੨) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਪੁਛ ਗਿੱਛ : ਦੁਰਲਭ ਸਿੰਘ, ੨੪੧੬ ਡੀ ਸੀ ਰੋਡ, ਅੰਬਾਲਾ ਛਾ: ਦਾਸਰੇ—ਅਖੰਡ ਕੀਰਤਨੀ ਜਥਾ ਅੰਬਾਲਾ

## ਚੰਡੀਗੜ੍ਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਗੁਰਪੁਰਬ ਦੇ ਸੰਬੰਧ ਵਿਚ ਕੀਰਤਨ ਸਮਾਗਮ ੧੨ ਸਤੰਬਰ ਵੀਰਵਾਰ ਸਵੇਰ ਤੋਂ ੧੫ ਸਤੰਬਰ ਐਤਵਾਰ ਸਵੇਰ ਤਕ ਹੋ ਰਹੇ ਹਨ। ਸਾਰੇ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਕਟਰ ੧੯ ਡੀ ਚੰਡੀਗੜ੍ਹ ਵਿਖੇ ਹੋ ਰਹੇ ਹਨ। ਆਇ ਜੁੜੋ ਜੀ ਤੇ ਲਾਹੇ ਪ੍ਰਾਪਤ ਕਰੋ ਜੀ।

੧੨ ਸਤੰਬਰ ਸਵੇਰੇ ੩ ਤੋਂ ੬ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ, ਸ਼ਾਮ ੬-੩੦ ਤੋਂ ੯ ਸੋਦਰ ਦੀ ਚੌਕੀ
੧੩ ,, ਸਵੇਰੇ ੫ ਤੋਂ ੯ ਕੀਰਤਨ ਸ਼ਾਮ ੬-੩੦ ਤੋਂ ੯ ਸੋਦਰ ਦੀ ਚੌਕੀ
੧੪ ,, ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੫ ਵਜੇ ਅਰੰਭ ਅੰਮ੍ਰਿਤ ਸਿੰਚਾਰ
੧੪ ,, ਰਾਤ ਰੈਣ ਸਬਾਈ ਕੀਰਤਨ, ੧੫ ਸਤੰਬਰ ਐਤਵਾਰ ਸਵੇਰੇ ੮ ਵਜੇ ਸਮਾਪਤੀ

ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ ਮੋਹਾਲੀ

## ਅੰਬਾਲਾ ਸ਼ਹਿਰ ਸਬਜ਼ੀ ਮੰਡੀ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਅਮਰਪਾਲ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਮਕਾਨ ਨੰਬਰ ੧੬੦੪/੧ ਵਿਖੇ ੧੧ ਅਗਸਤ ਐਤਵਾਰ ਸਵੇਰੇ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

## ਅੰਬਾਲਾ ਸ਼ਹਿਰ ਪ੍ਰੇਮ ਨਗਰ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਅਵਤਾਰ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਉਨ੍ਹਾਂ ਦੇ ਗ੍ਰਹਿ ੨੮੩ ਪ੍ਰੇਮ ਨਗਰ ਵਿਖੇ ੩੧ ਅਗਸਤ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਕੰਠਾਗਰ ਬਾਣੀ ਲਈ ਜੋਦੜੀ ਹੈ।

## ਪਿੰਡ ਝਾਂਡੇ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਸ: ਇੰਦਰ ਸਿੰਘ ਜੀ ਕੈਪਟਨ ਦੇ ਗ੍ਰਹਿ ਵਿਖੇ ੧੭ ਅਗਸਤ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

**ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ**

www.AKJ.Org